


ਨੌਜਵਾਨ ਭਾਰਤ ਸਭਾ ਦਾ ਝੰਡਾ

ਜਿੱਥੇ ਦਰ-ਬਦਰ ਹੋ ਰਹੀ ਹੈ ਜ਼ਿੰਦਗੀ
ਜਿੱਥੇ ਹੱਤਿਆ ਹੋ ਰਹੀ ਹੈ ਜਿਉਂਦੇ ਸ਼ਬਦਾਂ ਦੀ
ਅਤੇ ਅਵਾਜ਼ਾਂ ਨੂੰ ਕੈਦ-ਤਨਹਾਈ ਦੀ
ਸਜ਼ਾ ਸੁਣਾਈ ਜਾ ਰਹੀ ਹੈ,

ਜਿੱਥੇ ਜਲਾਵਨ ਬਨਸਪਤੀਆਂ ਹਨ
ਅਤੇ ਕਾਲ਼ੀਆਂ ਤਪਦੀਆਂ ਚੱਟਾਨਾਂ ਹਨ
ਉੱਥੇ ਤੇਰੀ ਉਡੀਕ ਹੈ

ਜੇ ਤੂੰ ਨੌਜਵਾਨ ਏਂ !
ਜਿੱਥੇ ਸੰਕਲਪਾਂ ਦੇ ਬੈਰੀਕੇਡ ਖੜੇ ਹੋ ਰਹੇ ਹਨ,
ਜਿੱਥੇ ਸਮਝ ਦੇ ਬੰਕਰ ਖੋਦੇ ਜਾ ਰਹੇ ਹਨ
ਜਿੱਥੇ ਚੁਣੌਤੀਆਂ ਦੇ ਪਰਚਮ ਲਹਿਰਾਏ ਜਾ ਰਹੇ ਹਨ
ਉੱਥੇ ਤੇਰੀ ਉਡੀਕ ਹੈ
ਜੇਕਰ ਤੂੰ ਨੌਜਵਾਨ ਏਂ !

# ਨੌਜਵਾਨ ਭਾਰਤ ਸਭਾ



## ਖਰੜਾ ਐਲਾਨਨਾਮਾ
## ਅਤੇ ਸੰਵਿਧਾਨ

# ਨੌਜਵਾਨ ਭਾਰਤ ਸਭਾ

## ਖਰੜਾ ਐਲਾਨਨਾਮਾ

ਅਤੇ

## ਸੰਵਿਧਾਨ

ਕੀਮਤ : ਪੰਜ ਰੁਪਏ

ਨੌਜਵਾਨ ਭਾਰਤ ਸਭਾ ਦੇ ਲਈ ਕੇਂਦਰੀ ਜਥੇਬੰਦਕ ਕਮੇਟੀ, ਬੀ–100, ਮੁਕੰਦ ਵਿਹਾਰ, ਕਰਾਵਲ ਨਗਰ, ਦਿੱਲੀ–110094 ਦੁਆਰਾ ਜਾਰੀ।

# ਭੂਮਿਕਾ

'ਨੌਜਵਾਨ ਭਾਰਤ ਸਭਾ' ਨਾਂ ਦੀ ਇੱਕ ਨੌਜਵਾਨਾਂ ਦੀ ਜਥੇਬੰਦੀ ਦੇ ਗਠਨ ਦੇ ਉਦੇਸ਼ ਨੂੰ ਲੈ ਕੇ ਅਸੀਂ ਐਲਾਨਨਾਮੇ ਅਤੇ ਸੰਵਿਧਾਨ ਦਾ ਇੱਕ ਖਰੜਾ ਇਸ ਦੇਸ਼ ਦੇ ਇਨਕਲਾਬੀ ਅਤੇ ਅਗਾਂਹਵਧੂ ਨੌਜਵਾਨਾਂ ਸਾਹਮਣੇ ਪੇਸ਼ ਕਰ ਰਹੇ ਹਾਂ।

ਇਸ ਜਥੇਬੰਦੀ ਦਾ ਉਦੇਸ਼ ਦੇਸ਼ ਦੇ ਖਿੰਡੀ ਹੋਈ ਨੌਜਵਾਨ ਲਹਿਰ ਨੂੰ ਇੱਕ ਸਹੀ ਦਿਸ਼ਾ ਦੀ ਸਮਝ ਦੇ ਆਧਾਰ 'ਤੇ ਇੱਕ ਜੁੱਟ ਕਰਨਾ ਅਤੇ ਉਸਨੂੰ ਵਿਆਪਕ ਲੋਕ ਸਮੂਹਾਂ ਦੇ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਸੰਘਰਸ਼ ਦੇ ਅਟੁੱਟ ਅੰਗ ਦੇ ਰੂਪ ਵਿੱਚ ਅੱਗੇ ਵਧਾਉਣਾ ਹੈ।

ਜਥੇਬੰਦੀ ਦੇ ਗਠਨ ਦੀ ਪ੍ਰਕਿਰਿਆ ਵਿੱਚ ਦੇਸ਼-ਦੁਨੀਆਂ ਦੀਆਂ ਵਰਤਮਾਨ ਹਾਲਤਾਂ ਅਤੇ ਨੌਜਵਾਨ ਲਹਿਰ ਦੇ ਇਤਿਹਾਸ ਅਤੇ ਵਰਤਮਾਨ ਦੇ ਅਧਿਐਨ ਅਤੇ ਵਿਦਿਆਰਥੀਆਂ ਨੌਜਵਾਨਾਂ ਵਿਚਕਾਰ ਪ੍ਰਚਾਰ ਅਤੇ ਅੰਦੋਲਨ ਦੀਆਂ ਅਮਲੀ ਕਾਰਵਾਈਆਂ ਵਿੱਚ ਹਿੱਸੇਦਾਰੀ ਦੇ ਤਜ਼ਰਬੇ ਦੇ ਆਧਾਰ 'ਤੇ ਪਹਿਲ ਕਦਮੀ ਲੈਣ ਵਾਲਿਆਂ ਦੀ ਕੋਰ ਟੀਮ ਦਾ ਗਠਨ ਜਥੇਬੰਦਕ ਕਮੇਟੀ ਦੇ ਰੂਪ ਵਿਚ ਕੀਤਾ ਗਿਆ ਹੈ। ਪਹਿਲੇ ਸੰਮੇਲਨ ਤੱਕ ਇਹ ਜਥੇਬੰਦਕ ਕਮੇਟੀ ਹੀ ਆਰਜ਼ੀ ਕੇਂਦਰੀ ਆਗੂ ਟੀਮ ਦੀ ਜਿੰਮੇਵਾਰੀ ਨਿਭਾਏਗੀ। ਉਦੋਂ ਤੱਕ ਜਥੇਬੰਦੀ ਦਾ ਢਾਂਚਾ ਅਤੇ ਮੈਂਬਰਸ਼ਿਪ ਦਾ ਖਾਸਾ ਵੀ ਆਰਜ਼ੀ ਹੋਵੇਗਾ। ਪਹਿਲਾਂ ਸੰਮੇਲਨ ਕੇਂਦਰੀ ਬਾਡੀ ਦੇ ਰੂਪ ਵਿੱਚ ਕੇਂਦਰੀ ਕਮੇਟੀ ਦੀ ਚੋਣ ਕਰੇਗਾ ਜੋ ਸੰਮੇਲਨ ਦੁਆਰਾ ਪਾਸ ਕੀਤੇ ਐਲਾਨਨਾਮੇ ਅਤੇ ਸੰਵਿਧਾਨ ਦੇ ਆਧਾਰ ਤੇ ਜਥੇਬੰਦੀ ਦਾ ਸੰਚਾਲਨ ਕਰੇਗੀ। ਉਦੋਂ ਤੱਕ ਜਥੇਬੰਦੀ ਦਾ ਆਰਜ਼ੀ ਢਾਂਚਾ ਜਥੇਬੰਦਕ ਕਮੇਟੀ ਦੀ ਅਗਵਾਈ ਵਿੱਚ ਖਰੜਾ ਸੰਵਿਧਾਨ ਦੇ ਆਧਾਰ 'ਤੇ ਹੀ ਆਪਣੀਆਂ ਕਾਰਵਾਈਆਂ ਨੂੰ ਚਲਾਏਗਾ।

**—ਜਥੇਬੰਦਕ ਕਮੇਟੀ**<br>
**ਨੌਜਵਾਨ ਭਾਰਤ ਸਭਾ**<br>
ਜਨਵਰੀ 2005

# ਨੌਜਵਾਨ ਭਾਰਤ ਸਭਾ

## ਖਰੜਾ ਐਲਾਨਨਾਮਾ

"ਜਦ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲੈਂਦੀ ਹੈ ਤਾਂ ਕਿਸੇ ਵੀ ਤਰਾਂ ਦੀ ਤਬਦੀਲੀ ਤੋਂ ਉਹ ਹਿਚਕਿਚਾਉਂਦੇ ਹਨ। ਇਸ ਜੜ੍ਹਤਾ ਅਤੇ ਬੇਹਰਕਤੀ ਨੂੰ ਤੋੜਨ ਲਈ ਇੱਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਜ਼ਰੂਰਤ ਹੁੰਦੀ ਹੈ, ਨਹੀਂ ਤਾਂ ਪਤਨ ਅਤੇ ਬਰਬਾਦੀ ਦਾ ਵਾਤਾਵਰਨ ਛਾ ਜਾਂਦਾ ਹੈ। ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਪਿਛਾਖੜੀ ਤਾਕਤਾਂ ਲੋਕਾਂ ਨੂੰ ਗਲਤ ਰਸਤੇ ਉੱਪਰ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ, ਇਸ ਨਾਲ ਮਨੁੱਖ ਦੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਕਿ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਹੋ ਸਕੇ।"

***—ਸ਼ਹੀਦ ਭਗਤ ਸਿੰਘ***

ਅੱਜ ਅਸੀਂ ਵੀ ਇੱਕ ਅਜਿਹੇ ਹੀ ਦੌਰ ਵਿੱਚ ਜੀ ਰਹੇ ਹਾਂ, ਜਦੋਂ ਖੜੋਤ ਦੀ ਹਾਲਤ ਨੇ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲਿਆ ਹੈ। ਇਹ ਇੱਕ ਅਭੂਤਪੂਰਵ ਦੌਰ ਹੈ ਜਦੋਂ ਸਮਾਜ ਦੀਆਂ ਸਾਰੀਆਂ ਕੰਟਰੋਲ ਕਰਨ ਵਾਲੀਆਂ ਚੋਟੀਆਂ ਤੇ ਰੂੜ੍ਹੀਵਾਦੀ ਅਤੇ ਪਿਛਾਖੜੀ ਤਾਕਤਾਂ ਮਜਬੂਤੀ ਨਾਲ ਜੰਮੀਆਂ ਹੋਈਆਂ ਹਨ। ਇਨਕਲਾਬ ਦੀ ਲਹਿਰ ਤੇ ਉਲਟ ਇਨਕਕਲਾਬ ਦੀ ਲਹਿਰ ਲਗਾਤਾਰ ਹਾਵੀ ਬਣੀ ਹੋਈ ਹੈ।

ਅਜਿਹੇ ਮੁਸ਼ਕਿਲ ਇਤਿਹਾਸਕ ਸਮੇਂ ਵਿੱਚ **ਨੌਜਵਾਨ ਭਾਰਤ ਸਭਾ**, ਇਨਸਾਨੀਅਤ ਦੀ ਰੂਹ ਵਿੱਚ ਇੱਕ ਵਾਰ ਫਿਰ ਹਰਕਤ ਪੈਦਾ ਕਰਨ ਦੇ ਲਈ ਸਾਰੇ ਬਹਾਦਰ, ਸਵਾਭਿਮਾਨੀ, ਜਾਗਰੂਕ, ਇਨਸਾਫ ਪਸੰਦ ਅਤੇ ਅਗਾਂਹਵਧੂ ਨੌਜਵਾਨਾਂ ਨੂੰ ਸੱਦਾ ਦਿੰਦੀ ਹੈ। ਸਾਡਾ ਇਹ ਸੰਬੋਧਨ ਉਹਨਾਂ ਨੌਜਵਾਨਾਂ ਦੇ ਲਈ ਨਹੀਂ ਹੈ ਜੋ ਕਿਸਮਤ ਅਤੇ ਹਾਲਾਤ ਦਾ ਰੋਣਾ ਰੋਂਦੇ ਹੋਏ, ਲੁਟੇਰਿਆਂ-ਸ਼ਾਸਕਾਂ ਦੀ ਪਰਜੀਵੀ ਜਮਾਤ ਦੇ ਹਰ ਕਿਸਮ ਦੇ ਜ਼ੁਲਮ-ਸਿਤਮ ਦੀ ਮਾਰ ਝੱਲਣ ਲਈ ਪਿੱਠ ਝੁਕਾਈ ਖੜੇ ਹਨ। ਅਸੀਂ ਉਹਨਾਂ ਨੌਜਵਾਨਾਂ ਨੂੰ ਬਿਲਕੁਲ ਵੀ ਮੁਖਾਤਿਬ ਨਹੀਂ ਹਾਂ ਜਿਹਨਾਂ ਦਾ "ਸਵਰਗ" ਇਸੇ ਜਾਲਮ ਪ੍ਰਬੰਧ ਦੇ ਅੰਦਰ ਸੁਰੱਖਿਅਤ ਹੈ, ਜਾਂ ਜੋ ਆਪਣਾ ਸਵਰਗ ਹਾਸਲ ਕਰ ਲੈਣ ਦੇ ਲਈ ਖੂਨ ਦੀਆਂ ਦਲਦਲਾਂ ਅਤੇ ਬੇ-ਇਨਸਾਫੀ ਦੀਆਂ



ਖੱਡਾਂ-ਖਾਈਆਂ ਨੂੰ ਅੱਖਾਂ ਬੰਦ ਕਰਕੇ ਪਾਰ ਕਰ ਜਾਣ ਲਈ ਤਿਆਰ ਹਨ। ਅਸੀਂ ਆਮ ਲੋਕਾਂ ਦੇ ਉਹਨਾਂ ਬਹਾਦਰ ਧੀਆਂ-ਪੁੱਤਾਂ ਨੂੰ ਸੱਦਾ ਦੇ ਰਹੇ ਹਾਂ ਜਿਹਨਾਂ ਨੂੰ ਖੂਨ ਅਤੇ ਹੰਝੂਆਂ ਦੇ ਸਮੁੰਦਰ ਵਿੱਚ ਅੱਯਾਸ਼ੀਆਂ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ ਦੀ ਹੋਂਦ ਪ੍ਰਵਾਨ ਨਹੀਂ ਹੈ। ਜੋ ਹਥਿਆਰਾਂ ਦੇ ਢੇਰ 'ਤੇ ਬੈਠੇ ਹੋਏ ਪੂੰਜੀਵਾਦੀ ਲੁਟੇਰਿਆਂ ਦੀ ਜਿੱਤ ਨੂੰ ਅੰਤਿਮ ਨਹੀਂ ਮੰਨਦੇ ਅਤੇ 'ਇਤਿਹਾਸ ਦੇ ਅੰਤ' ਵਿੱਚ ਯਕੀਨ ਨਹੀਂ ਰੱਖਦੇ। ਅਸੀਂ ਉਹਨਾਂ ਸਾਰਿਆਂ ਨੂੰ ਸੱਦਾ ਦਿੰਦੇ ਹਾਂ ਜੋ ਸੱਚੇ ਅਰਥਾਂ ਵਿੱਚ ਨੌਜਵਾਨ ਹਨ, ਜੋ ਵਿਹੜੇ ਦੀ ਮੁਰਗੀ ਦੀ ਤਰ੍ਹਾਂ ਫੁਦਕਣ ਦੀ ਬਜਾਏ ਤੂਫਾਨਾਂ ਵਿੱਚ ਬੁਲੰਦ ਹੌਂਸਲੇ ਵਾਲੇ ਗਰੁੜ ਦੀ ਤਰਾਂ ਉਡਾਨ ਭਰਨ ਦੀ ਹਿੰਮਤ ਰੱਖਦੇ ਹਨ। ਜਿਹਨਾਂ ਨੇ ਸੁਪਨੇ ਦੇਖਣ ਦੀ ਆਦਤ ਨਹੀਂ ਛੱਡੀ ਹੈ ਅਤੇ ਜੋ ਨਵੇਂ ਸਿਰੇ ਤੋਂ ਮੁਕਤੀ ਦੇ ਪ੍ਰਾਜੈਕਟ ਅਤੇ ਉਸ ਨੂੰ ਅਮਲੀ ਜਾਮਾ ਪਵਾਉਣ ਲਈ ਤਿਆਰ ਹਨ।

**ਨੌਜਵਾਨ ਭਾਰਤ ਸਭਾ** ਦਾ ਨਾਮ ਆਪਣੇ ਆਪ ਵਿੱਚ ਇੱਕ ਮਹਾਨ ਇਨਕਲਾਬੀ ਵਿਰਾਸਤ ਨੂੰ ਮੁੜ-ਸੁਰਜੀਤ ਕਰਨ ਅਤੇ ਅੱਗੇ ਵਧਾਉਣ ਦੇ ਸੰਕਲਪ ਦਾ ਪ੍ਰਤੀਕ ਹੈ। ਮਹਾਨ ਨੌਜਵਾਨ ਇਨਕਲਾਬੀ ਵਿਚਾਰਕ ਭਗਤ ਸਿੰਘ ਨੇ ਬਸਤੀਵਾਦੀ ਗੁਲਾਮੀ ਦੇ ਵਿਰੁੱਧ ਭਾਰਤ ਦੀ ਇਨਕਲਾਬੀ ਲਹਿਰ ਨੂੰ ਨਵਾਂ ਵਿਚਾਰਕ ਆਧਾਰ ਦੇਣ ਅਤੇ ਨਵੇਂ ਸਿਰੇ ਤੋਂ ਜਥੇਬੰਦ ਕਰਨ ਦੇ ਲਈ ਆਪਣੇ ਸਾਥੀਆਂ ਦੇ ਨਾਲ ਮਿਲਕੇ ਜਦ ਇੱਕ ਨਵੀਂ ਸ਼ੁਰੂਆਤ ਕੀਤੀ ਤਾਂ ਉਹਨਾਂ ਦਾ ਪਹਿਲਾ ਮਹੱਤਵਪੂਰਨ ਕਦਮ ਸੀ 1926 ਵਿੱਚ ਨੌਜਵਾਨ ਭਾਰਤ ਸਭਾ ਦੇ ਝੰਡੇ ਹੇਠ ਨੌਜਵਾਨਾਂ ਨੂੰ ਜਥੇਬੰਦ ਕਰਨਾ। ਇਸਤੋਂ ਦੋ ਸਾਲ ਬਾਅਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ '**ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ**' ਨਾਂ ਦੀ ਨਵੀਂ ਇਨਕਲਾਬੀ ਜਥੇਬੰਦੀ ਦੀ ਸਥਾਪਨਾ ਕੀਤੀ ਅਤੇ ਸਪੱਸ਼ਟ ਸ਼ਬਦਾਂ ਵਿੱਚ ਇਹ ਐਲਾਨ ਕੀਤਾ ਕਿ ਬਸਤੀਵਾਦੀ ਸੱਤ੍ਹਾ ਨੂੰ ਉਖਾੜ ਸੁੱਟਣ ਦੇ ਬਾਅਦ ਭਾਰਤ ਦੇ ਆਮ ਲੋਕਾਂ ਨੂੰ ਪੂੰਜੀਵਾਦ ਦੇ ਖਾਤਮੇ ਅਤੇ ਸਮਾਜਵਾਦ ਦੀ ਸਥਾਪਨਾ ਲਈ ਸੰਘਰਸ਼ ਕਰਨਾ ਹੋਵੇਗਾ। ਕੇਵਲ ਉਦੋਂ ਹੀ ਭਾਰਤੀ ਜਨਤਾ ਦੀ ਮੁਕਤੀ ਅਸਲੀਅਤ ਵਿੱਚ ਮੁਕੰਮਲ ਹੋ ਸਕੇਗੀ। ਅੱਜ ਇਹ ਸੱਚਾਈ ਦਿਨ ਦੇ ਉਜਾਲੇ ਦੀ ਤਰਾਂ ਸਾਫ ਹੋ ਚੁੱਕੀ ਹੈ ਕਿ ਦੇਸ਼ੀ-ਵਿਦੇਸ਼ੀ ਪੂੰਜੀ ਦੀ ਜਕੜਬੰਦੀ ਨੂੰ ਤੋੜ ਕੇ ਹੀ ਬਹੁਗਿਣਤੀ ਮਿਹਨਤਕਸ਼ ਅਬਾਦੀ ਅਤੇ ਆਮ ਮੱਧਵਰਗੀ ਜਮਾਤਾਂ ਆਪਣੀ ਅਸਲੀ ਮੁਕਤੀ ਹਾਸਲ ਕਰ ਸਕਦੀਆਂ ਹਨ। ਸਾਡੇ ਸਾਹਮਣੇ ਬੱਸ ਇੱਕ ਹੀ ਬਦਲ ਹੈ ਅਤੇ ਉਹ ਹੈ ਕਿ ਪੂੰਜੀ ਦੀ ਸੱਤ੍ਹਾ ਦੇ ਵਿਰੁੱਧ ਇੱਕ ਨਵੇਂ ਲੋਕ ਮੁਕਤੀ ਸੰਘਰਸ਼ ਦੀ ਸ਼ੁਰੂਆਤ। ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਮਹਾਨ ਇਨਕਲਾਬੀ ਵਿਰਸੇ ਤੋਂ ਪ੍ਰੇਰਣਾ ਅਤੇ ਸਿੱਖਿਆ ਲੈਂਦੇ ਹੋਏ ਅਸੀਂ ਇੱਕ ਵਾਰ ਫਿਰ ਨੌਜਵਾਨ ਭਾਰਤ ਸਭਾ ਦੇ ਹੀ ਝੰਡੇ ਹੇਠ ਸਾਰੇ ਅਗਾਂਹਵਧੂ ਅਤੇ ਬਹਾਦਰ ਨੌਜਵਾਨ ਔਰਤਾਂ ਅਤੇ ਮਰਦਾਂ ਨੂੰ ਜਥੇਬੰਦ ਕਰਦੇ ਹੋਏ ਇੱਕ ਨਵੀਂ ਸ਼ੁਰੂਆਤ ਦਾ ਸੰਕਲਪ ਲੈਂਦੇ ਹਾਂ।

ਇਸ ਨੌਜਵਾਨ ਜਥੇਬੰਦੀ ਨੂੰ ਇੱਕ ਨਵੇਂ ਇਨਕਲਾਬ ਦੇ ਨੌਜਵਾਨ ਸਿਪਾਹੀਆਂ ਦੀ ਭਰਤੀ ਅਤੇ ਸਿੱਖਿਆ-ਟਰੇਨਿੰਗ ਦਾ ਕੇਂਦਰ ਬਨਾਉਣਾ ਸਾਡਾ ਸਭ ਤੋਂ ਵੱਡਾ ਉਦੇਸ਼ ਹੈ।

ਸ਼ਹੀਦੇ ਆਜ਼ਮ ਭਗਤ ਸਿੰਘ ਨੇ ਦੇਸ਼ ਦੀ ਸਿਆਸੀ ਆਜਾਦੀ ਹਾਸਲ ਹੋਣ ਤੋਂ ਕਾਫੀ ਪਹਿਲਾਂ ਹੀ, ਪਿਛਲੀ ਸਦੀ ਦੇ ਤੀਜੇ ਦਹਾਕੇ ਵਿੱਚ, ਇਹ ਸਪੱਸ਼ਟ ਕਰ ਦਿੱਤਾ ਸੀ ਕਿ ਕਾਂਗਰਸ ਉਹਨਾਂ ਦੇਸੀ ਮੁਨਾਫੇਖੋਰਾਂ ਦੀ ਪਾਰਟੀ ਹੈ ਜੋ ਸਾਮਰਾਜੀਆਂ ਨਾਲ ਸੌਦੇਬਾਜੀ ਕਰਕੇ ਆਪਣੇ ਲਈ ਸੱਤ੍ਹਾ ਹਾਸਲ ਕਰਨਾ ਚਾਹੁੰਦੇ ਹਨ। ਜਦਕਿ ਇਨਕਲਾਬੀਆਂ ਲਈ ਅਜਾਦੀ ਦਾ ਮਤਲਬ ਸਿਰਫ ਗੋਰੀ ਚਮੜੀ ਵਾਲਿਆਂ ਦੀ ਜਗ੍ਹਾ 'ਤੇ ਕਾਲੀ ਚਮੜੀ ਵਾਲਿਆਂ ਦਾ ਰਾਜ ਕਾਇਮ ਹੋ ਜਾਣਾ ਨਹੀਂ, ਜਾਂ ਸਿਰਫ ਲਾਰਡ ਰੀਡਿੰਗ ਅਤੇ ਲਾਰਡ ਇਰਵਨ ਦੀ ਜਗ੍ਹਾ ਪ੍ਰਸ਼ੋਤਮ ਦਾਸ, ਠਾਕੁਰ ਦਾਸ ਦਾ ਸੱਤ੍ਹਾਸੀਨ ਹੋ ਜਾਣਾ ਨਹੀਂ ਹੈ। ਉਹਨਾਂ ਨੇ ਆਜ਼ਾਦੀ ਦੀ ਪ੍ਰੀਭਾਸ਼ਾ 92 ਫੀਸਦੀ ਲੋਕਾਂ ਦੀ ਆਜ਼ਾਦੀ ਦੇ ਰੂਪ ਵਿੱਚ ਵਿਦੇਸ਼ੀ ਗਲਬੇ ਦੇ ਨਾਲ ਹੀ ਦੇਸੀ-ਵਿਦੇਸ਼ੀ ਹਰ ਕਿਸਮ ਦੀ ਪੂੰਜੀ ਦੁਆਰਾ ਲੋਕਾਂ ਦੀ ਲੁੱਟ ਦੇ ਖਾਤਮੇ ਦੇ ਰੂਪ ਵਿੱਚ ਕੀਤੀ ਸੀ ਅਤੇ ਮਿਹਨਤਕਸ਼ ਆਮ ਜਨਤਾ ਦੇ ਰਾਜ ਦੀ ਸਥਾਪਨਾ ਅਤੇ ਇੱਕ ਬਰਾਬਰੀ ਵਾਲੇ ਸਮਾਜਿਕ ਢਾਂਚੇ ਦੀ ਉਸਾਰੀ ਨੂੰ ਇਨਕਲਾਬ ਦਾ ਟੀਚਾ ਦੱਸਿਆ ਸੀ। ਉਹਨਾਂ ਨੇ 1930 ਵਿੱਚ ਹੀ ਇਹ ਭਵਿੱਖਬਾਣੀ ਕਰ ਦਿੱਤੀ ਸੀ ਕਿ ਕਾਂਗਰਸ ਦੀ ਲੜਾਈ ਦਾ ਅੰਤ ਕਿਸੇ ਨਾ ਕਿਸੇ ਸਮਝੌਤੇ ਦੇ ਰੂਪ ਵਿੱਚ ਹੋਵੇਗਾ ਅਤੇ ਉਨ੍ਹਾਂ ਨੇ ਜੇਲ੍ਹ ਦੀ ਕਾਲਕੋਠੜੀ ਤੋਂ ਸੰਦੇਸ਼ ਭੇਜ ਕੇ ਨੌਜਵਾਨਾਂ ਨੂੰ ਸੱਦਾ ਦਿੱਤਾ ਸੀ ਕਿ ਉਹਨਾਂ ਨੂੰ ਇਨਕਲਾਬ ਦਾ ਸੁਨੇਹਾ ਲੈ ਕੇ ਕਾਰਖਾਨਿਆਂ ਅਤੇ ਖੇਤਾਂ ਤੱਕ ਜਾਣਾ ਹੋਵੇਗਾ।

ਅੱਜ ਸਾਡੇ ਚਾਰੇ ਪਾਸੇ ਬੇ-ਇਨਸਾਫੀ, ਜ਼ੁਲਮ, ਭ੍ਰਿਸ਼ਟਾਚਾਰ, ਲੁੱਟ, ਬਰਬਰਤਾ ਅਤੇ ਨਿਰਾਸ਼ਾ ਦਾ ਜੋ ਘੁਟਣ ਅਤੇ ਸੜਿਹਾਂਦ ਮਾਰਦਾ ਹਨੇਰਾ ਛਾਇਆ ਹੋਇਆ ਹੈ, ਉਸ ਵਿੱਚ ਭਗਤ ਸਿੰਘ ਦਾ ਸੁਨੇਹਾ ਆਮ ਲੋਕਾਂ ਦੇ ਕੁੱਲ ਬਹਾਦਰ ਮੁਕਤੀਕਾਮੀ ਧੀਆਂ-ਪੁੱਤਾਂ ਲਈ ਦੁਮੇਲ ਉੱਪਰ ਲਗਾਤਾਰ ਜਲਦੀ ਇੱਕ ਮਸ਼ਾਲ ਦੇ ਸਮਾਨ ਹੈ, ਭਵਿੱਖ ਦੀ ਰਾਹ ਰੌਸ਼ਨ ਕਰਦੇ ਹੋਏ ਇੱਕ ਰੌਸ਼ਨੀ ਦੇ ਮੀਨਾਰ ਦੇ ਸਮਾਨ ਹੈ।

ਅਜ਼ਾਦੀ ਅਤੇ ਲੋਕਤੰਤਰ ਦੇ ਸਾਰੇ ਝੂਠ-ਫਰੇਬ ਅੱਜ ਨੰਗੇ ਹੋ ਚੁੱਕੇ ਹਨ। ਜਿਸ ਅਜਾਦੀ ਨੂੰ ਮਸ਼ਹੂਰ ਸ਼ਾਇਰ ਫੈਜ਼ ਨੇ 'ਦਾਗ-ਦਾਗ ਉਜਾਲਾ' ਕਿਹਾ ਸੀ, ਉਹ ਅੱਜ ਭਾਦੋਂ ਦੀ ਕਾਲੀ ਮੱਸਿਆ ਬਣ ਚੁੱਕੀ ਹੈ। ਆਮ ਜਨਤਾ ਦੇ ਸੁਪਨੇ ਤਾਰ-ਤਾਰ ਹੋ ਚੁੱਕੇ ਹਨ। ਭਗਤ ਸਿੰਘ ਦੀ ਭਵਿੱਖ ਬਾਣੀ ਤਾਂ ਦਹਾਕਿਆਂ ਪਹਿਲਾਂ ਹੀ ਅੱਖਰ-ਅੱਖਰ ਸੱਚ ਹੋ ਚੁੱਕੀ ਸੀ। ਹੁਣ ਇਸ ਦੇ ਨੌਜਵਾਨਾਂ ਸਾਹਮਣੇ ਖੜਾ ਹੈ ਇੱਕ ਬਲਦਾ ਹੋਇਆ ਇਤਿਹਾਸਕ ਪ੍ਰਸ਼ਨਚਿੰਨ੍ਹ-ਹੁਕਮਰਾਨ ਜਮਾਤ ਦੇ ਛਲਾਵਿਆਂ, ਭੁਲੇਖਿਆਂ-ਭਟਕਾਵਾਂ, ਕੁੱਝ ਮੁਢਲੇ ਯਤਨਾਂ ਦੀ ਫੌਰੀ ਅਸਫਲਤਾ ਜਾਂ ਹਾਰ ਨਾਲ ਘਬਰਾ ਜਾਣ ਜਾਂ ਮਾਯੂਸ ਹੋ ਜਾਣ ਦਾ ਰੁਝਾਣ। ਵਿਅਕਤੀਵਾਦ ਅਤੇ ਖੁਦਗਰਜੀ ਦੇ ਰੁਝਾਣਾਂ ਤੋਂ ਮੁਕਤ ਹੋ ਕੇ, ਆਖਿਰ ਕਦ ਅਸੀਂ ਭਗਤ ਸਿੰਘ ਦੇ ਸੱਦੇ ਤੇ ਧਿਆਨ ਦੇਵਾਂਗੇ।



ਖੜੋਤ ਵਿੱਚ ਫਸਿਆ ਇਤਿਹਾਸ, ਗਰਮ ਨੌਜਵਾਨ ਖੂਨ ਦੇ ਬਾਲਣ ਤੋਂ ਹੀ ਫਿਰ ਤੋਂ ਗਤੀਮਾਨ ਹੋ ਸਕਦਾ ਹੈ। ਆਮ ਜਨਤਾ ਦੇ ਵਿਚਾਰਾਂ ਨਾਲ ਲੈਸ ਹਿੰਮਤੀ ਅਤੇ ਹਰ ਕੁਰਬਾਨੀ ਲਈ ਤਿਆਰ ਧੀਆਂ ਪੁੱਤਾਂ ਨੂੰ ਅੱਗੇ ਆਉਣਾ ਹੀ ਹੋਏਗਾ ਅਤੇ ਇਨਕਲਾਬ ਦਾ ਸੁਨੇਹਾ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ, ਅਸਾਮ ਤੋਂ ਕੱਛ ਦੀ ਖਾੜੀ ਤੱਕ ਘਰ-ਘਰ ਤੱਕ ਪਹੁੰਚਾਉਣਾ ਹੋਵੇਗਾ। ਉਹਨਾਂ ਨੂੰ ਨਾ ਸਿਰਫ ਇੱਕ ਜੁੱਟ ਹੋ ਕੇ ਆਪਣੇ ਹਰ ਵਾਜਬ ਅਧਿਕਾਰ ਦੇ ਲਈ ਲੜਨਾ ਹੋਵੇਗਾ, ਬਲਕਿ ਸਮਾਜ ਵਿੱਚ ਜਾਰੀ ਨਿਆਂ ਅਤੇ ਅਧਿਕਾਰ ਦੇ ਹਰ ਸੰਘਰਸ਼ ਵਿੱਚ ਸ਼ਾਮਲ ਹੋਣਾ ਹੋਵੇਗਾ। ਆਪਣੀਆਂ ਹੱਡੀਆਂ ਗਲਾ ਕੇ ਅਤੇ ਰਸਾਤਲ ਦੇ ਹਨੇਰੇ ਨਰਕ ਵਿੱਚ ਜਿਉਂਦੇ ਹੋਏ ਸਮਾਜ ਦੀ ਬੁਨਿਆਦ ਦਾ ਨਿਰਮਾਣ ਕਰਨ ਵਾਲੇ ਮਿਹਨਤਕਸ਼ਾਂ ਦੀ ਉਹਨਾਂ ਨੂੰ ਨਾ ਸਿਰਫ ਤਹਿਦਿਲ ਤੋਂ ਸੇਵਾ ਕਰਨੀ ਹੋਵੇਗੀ, ਬਲਕਿ ਉਹਨਾਂ ਦੇ ਜੀਵਨ ਅਤੇ ਸੰਘਰਸ਼ਾਂ ਦੇ ਨਾਲ ਘੁਲ-ਮਿਲ ਜਾਣਾ ਹੋਵੇਗਾ। ਉਹਨਾਂ ਨੂੰ ਹਰ ਪ੍ਰਕਾਰ ਦੀਆਂ ਸਮਾਜਿਕ ਰੂੜੀਆਂ, ਕਿਸਮਤਵਾਦ, ਅੰਧਵਿਸ਼ਵਾਸ਼ ਅਤੇ ਜਾਤੀ ਧਰਮ ਦੇ ਆਤਮ-ਘਾਤੀ ਝਗੜਿਆਂ ਤੋਂ ਮੁਕਤੀ ਦੇ ਲਈ ਸੰਘਰਸ਼ ਕਰਨਾ ਹੋਵੇਗਾ ਅਤੇ ਇੱਕ ਵਿਚਾਰਕ ਸੱਭਿਆਚਾਰਕ ਇਨਕਲਾਬ ਦੀ ਲਹਿਰ ਪੈਦਾ ਕਰਨੀ ਹੋਵੇਗੀ ਤਾਂ ਕਿ ਦਿਮਾਗੀ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜ ਕੇ ਆਮ ਜਨਤਾ ਫੌਲਾਦੀ ਏਕਾ ਬਣਾਏ ਅਤੇ ਪੂੰਜੀ ਦੀ ਮੱਨੁਖ ਦੋਖੀ ਸੱਤ੍ਹਾ ਦੇ ਵਿਰੁੱਧ ਫੈਸਲਾਕੁਨ ਲੜਾਈ ਦੇ ਲਈ ਤਿਆਰ ਹੋ ਸਕੇ।

ਬਰਤਾਨਵੀ ਗੁਲਾਮੀ ਦੀਆਂ ਬੇੜੀਆਂ ਦਾ ਟੁੱਟਣਾ ਮਜ਼ਦੂਰਾਂ-ਕਿਸਾਨਾਂ ਅਤੇ ਆਮ ਮਧਵਰਗੀ ਲੋਕਾਂ ਦੇ ਅਣਥੱਕ ਸੰਘਰਸ਼ਾਂ ਅਤੇ ਅਥਾਹ ਕੁਰਬਾਨੀਆਂ ਕਾਰਨ ਹੀ ਸੰਭਵ ਹੋ ਸਕਿਆ ਸੀ। ਲੇਕਿਨ ਧੋਖੇ-ਫਰੇਬ ਅਤੇ ਲੋਕ ਸੰਘਰਸ਼ਾਂ ਦੇ ਇਨਕਲਾਬੀ ਆਗੂਆਂ ਦੀਆਂ ਕਮਜੋਰੀਆਂ ਦਾ ਲਾਭ ਉਠਾ ਕੇ ਦੇਸੀ ਪੂੰਜੀਪਤੀਆਂ ਦੇ ਨੁੰਮਾਇੰਦੇ 1947 ਵਿੱਚ ਪੈਦਾਵਾਰ,ਰਾਜਭਾਗ ਅਤੇ ਸਮਾਜ ਦੇ ਢਾਂਚੇ ਉੱਪਰ ਪੂਰੀ ਤਰਾਂ ਕਾਬਜ ਹੋ ਗਏ। ਆਪਣੇ ਸਵਾਰਥਾਂ ਦੀ ਖਾਤਰ ਉਹਨਾਂ ਨੇ ਫਿਰਕੂ ਆਧਾਰ ਤੇ ਜਨਤਾ ਨੂੰ ਵੰਡ ਕੇ ਅਤੇ ਦੰਗਿਆਂ ਦੀ ਤਬਾਹਕੁੰਨ ਅੱਗ ਭੜਕਾ ਕੇ ਦੇਸ਼ ਨੂੰ ਵੰਡ ਦੇ ਕਗਾਰ ਤੱਕ ਪਹੁੰਚਾਉਣ ਦੀ ਅੰਗਰੇਜ਼ ਬਸਤੀਵਾਦੀਆਂ ਦੀ ਸਾਜਿਸ਼ ਵਿੱਚ ਸਹਿਯੋਗੀ ਭੂਮਿਕਾ ਨਿਭਾਈ। ਲੋਕਾਂ ਦੇ ਸੁਪਨਿਆਂ ਅਤੇ ਅਜ਼ਾਦੀ ਦਾ ਸੌਦਾ ਕਰਕੇ ਭਾਰਤੀ ਪੂੰਜੀਪਤੀਆਂ ਦੀ ਪ੍ਰਤੀਨਿਧ ਕਾਂਗਰਸ ਪਾਰਟੀ ਨੇ ਇਤਿਹਾਸਕ ਵਿਸ਼ਵਾਸਘਾਤ ਕੀਤਾ। ਦੇਸ਼ ਨੂੰ ਖੰਡਿਤ, ਅਧੂਰੀ ਅਤੇ ਅਪੰਗ ਸਿਆਸੀ ਅਜ਼ਾਦੀ ਮਿਲੀ ਜਿਸਦਾ ਪੂਰਾ ਫਾਇਦਾ ਉੱਪਰ ਦੀ ਉਸ 20 ਫੀਸਦੀ ਮੁਫਤਖੋਰ, ਪਰਜੀਵੀ ਅਬਾਦੀ ਨੂੰ ਹੀ ਮਿਲਿਆ ਜੋ ਦੇਸੀ ਪੂੰਜੀਪਤੀਆਂ ਅਤੇ ਸਾਮਰਾਜੀਆਂ ਦੀ ਟੁੱਕੜਖੋਰ ਚਾਕਰ ਬਣਨ ਲਈ ਤਿਆਰ ਸੀ। ਸੱਤ੍ਹਾ ਤੇ ਕਾਬਜ ਹੋਏ ਭਾਰਤੀ ਪੂੰਜੀਪਤੀਆਂ ਨੇ ਸੰਸਾਰ ਪੂੰਜੀਵਾਦ ਦੇ ਘੇਰੇ ਵਿਚ ਸਾਮਰਾਜੀਆਂ ਦੇ ਜੂਨੀਅਰ ਪਾਰਟਨਰ ਦੀ ਤਰਾਂ ਰਹਿੰਦੇ ਹੋਏ ਕ੍ਰਮਿਕ ਪੂੰਜੀਵਾਦੀ ਵਿਕਾਸ ਦਾ ਰਸਤਾ ਚੁਣਿਆ ਜਿਸ ਵਿੱਚ ਵਿਦੇਸ਼ੀ ਲੁਟੇਰਿਆਂ ਦਾ

ਲੁੱਟਣ ਦਾ ਹੱਕ ਬਣਿਆ ਰਹਿਆ ਅਤੇ ਲੋਕਾਂ ਦੀ ਨਸ-ਨਸ ਤੋਂ ਖ਼ੂਨ ਨਿਚੋੜਿਆ ਜਾਂਦਾ ਰਿਹਾ। ਪੂੰਜੀਵਾਦੀ ਜਮੀਨੀ-ਸੁਧਾਰਾਂ ਦੇ ਨਾਂ ਤੇ ਪੁਰਾਣੇ ਰਜਵਾੜਿਆਂ-ਜਗੀਰਦਾਰਾਂ ਨੂੰ ਆਪਣੀ ਜ਼ਮੀਨ ਅਤੇ ਸੰਪੱਤੀ ਬਚਾਉਣ ਅਤੇ ਨਵੀਂ ਪੈਦਾਵਾਰੀ ਪ੍ਰਣਾਲੀ ਵਿਚ ਪੂੰਜੀਪਤੀਆਂ ਦੀ ਜਮਾਤ ਵਿੱਚ ਸ਼ਾਮਲ ਹੋ ਜਾਣ ਜਾਂ ਪੂੰਜੀਵਾਦੀ ਫਾਰਮਰ ਬਣ ਜਾਣ ਦਾ ਪੂਰਾ ਮੌਕਾ ਦਿੱਤਾ ਗਿਆ। ਪਹਿਲਾਂ ਦੇ ਧਨੀ ਕਿਸਾਨ ਅਤੇ ਕੁਝ ਦਰਮਿਆਨੇ ਕਿਸਾਨ ਵੀ ਜਮੀਨ ਦਾ ਮਾਲਕ ਬਨਣ ਤੋਂ ਬਾਦ ਮਜ਼ਦੂਰਾਂ ਦੀ ਲੁੱਟ ਕਰਨ ਵਾਲੇ ਅਤੇ ਬਜਾਰ ਵਿੱਚ ਪੈਦਾਵਾਰ ਵੇਚ ਕੇ ਮੁਨਾਫਾ ਕਮਾਉਣ ਵਾਲੇ ਪੂੰਜੀਵਾਦੀ ਫਾਰਮਰ ਅਤੇ ਕੁਲਕ ਬਣ ਗਏ। ਅਖੌਤੀ ਹਰੀ ਕ੍ਰਾਂਤੀ ਅਤੇ ਚਿੱਟੀ ਕ੍ਰਾਂਤੀ ਦੇ ਨਾਂ ਤੇ ਪੂੰਜੀਵਾਦੀ ਖੇਤੀ ਦੇ ਤੌਰ ਤਰੀਕਿਆਂ ਨੂੰ ਅਤੇ ਖੇਤੀ ਵਿੱਚ ਵਿੱਤੀ ਪੂੰਜੀ ਦੀ ਘੁਸਪੈਠ ਨੂੰ ਹੱਲਾਸ਼ੇਰੀ ਦਿੱਤੀ ਗਈ। ਪਿੰਡਾਂ ਵਿੱਚ ਵਿਕਸਤ ਹੋਏ ਨਵੇਂ ਪੂੰਜੀਪਤੀ ਵੀ ਵਿੱਤੀ ਤੇ ਉਦਯੋਗਿਕ ਤੰਤਰ ਦੇ ਮਾਲਕ ਪੂੰਜੀਪਤੀਆਂ ਦੇ ਨਾਲ ਜੂਨੀਅਰ ਪਾਰਟਨਰ ਦੀ ਹੈਸੀਅਤ ਨਾਲ ਲੁੱਟ ਅਤੇ ਸੱਤ੍ਹਾ ਦੇ ਹਿਸੇਦਾਰ ਬਣੇ। ਇਹਦੇ ਨਾਲ ਹੀ ਵਪਾਰੀਆਂ, ਠੇਕੇਦਾਰਾਂ, ਉੱਚ ਮੱਧਵਰਗੀ ਬੁੱਧੀਜੀਵੀ, ਅਫਸਰਾਂ, ਨੇਤਾਵਾਂ, ਦਲਾਲਾਂ ਅਤੇ ਕਾਲੇ ਧਨ ਵਾਲਿਆਂ ਦੀਆਂ ਲੰਮੀਆਂ-ਚੌੜੀਆਂ ਪਰਜੀਵੀ ਜਮਾਤਾਂ ਵੀ ਖ਼ੂਬ ਫਲਦੀਆਂ-ਫੁੱਲਦੀਆਂ ਰਹੀਆਂ। ਸਾਰੀ ਦੌਲਤ ਪੈਦਾ ਕਰਨ ਵਾਲੀ ਜਨਤਾ ਨੂੰ ਪੂੰਜੀਵਾਦੀ ਵਿਕਾਸ ਦੀ ਸਿਰਫ ਜੂਠ ਹੀ ਨਸੀਬ ਹੋਈ ਅਤੇ ਉਹ ਵੀ ਸਿਰਫ ਇਸ ਲਈ ਕਿ ਉਹ ਖੇਤਾਂ ਕਾਰਖਾਨਿਆਂ ਵਿਚ ਆਪਣਾ ਖ਼ੂਨ ਪਸੀਨਾ ਨਿਚੋੜ ਕੇ ਮਿੱਟੀ ਦੇ ਮੁੱਲ ਆਪਣੀ ਕਿਰਤ ਸ਼ਕਤੀ ਵੇਚਕੇ ਮੁਨਾਫੇਖੋਰਾਂ ਦੀ ਪੂੰਜੀ ਵਧਾਉਣ ਵਾਲੇ ਉਜ਼ਰਤੀ ਗੁਲਾਮ ਦੇ ਰੂਪ ਵਿਚ ਜਿਉਂਦੀ ਰਹਿ ਸਕੇ।

ਸਿਆਸੀ ਅਜ਼ਾਦੀ ਮਿਲਣ ਤੋਂ ਬਾਅਦ "ਸਮਾਜਵਾਦ" ਦਾ ਲੁਭਾਉਣਾ ਮੁਲੰਮਾ ਚੜ੍ਹਾ ਕੇ, ਜਨਤਾ ਨੂੰ ਨਿਚੋੜ ਕੇ ਪਬਲਿਕ ਸੈਕਟਰ ਉਦਯੋਗਾਂ ਦਾ ਵਿਸ਼ਾਲ ਢਾਂਚਾ ਖੜਾ ਕੀਤਾ ਗਿਆ, ਜਿਹਨਾਂ ਵਿਚ ਮਜ਼ਦੂਰਾਂ ਨੂੰ ਚੂਸ ਕੇ ਅਫਸਰਸ਼ਾਹੀ-ਨੇਤਾਸ਼ਾਹੀ ਨੂੰ ਐਸ਼-ਆਰਾਮ ਦੇ ਸਾਧਨ ਮੁਹੱਈਆ ਕਰਵਾਏ ਗਏ ਅਤੇ ਪੂੰਜੀ ਦਾ ਅੰਬਾਰ ਇੱਕਠਾ ਕੀਤਾ ਗਿਆ। ਤਕਰੀਬਨ ਚਾਲੀ ਸਾਲ ਬੀਤਦੇ-ਬੀਤਦੇ ਹੁਕਮਰਾਨ ਜਮਾਤਾਂ ਲਈ ਪਬਲਿਕ ਸੈਕਟਰ ਖੜਾ ਕਰਨ ਦਾ ਬੁਨਿਆਦੀ ਮਕਸਦ ਪੂਰਾ ਹੋ ਚੁੱਕਿਆ ਸੀ, ਹੁਣ ਉਹ ਪੂੰਜੀਵਾਦ ਦੇ ਅੱਗੇ ਦੇ ਰਾਹ ਦੀ ਇੱਕ ਰੁਕਾਵਟ ਬਣ ਚੁੱਕਿਆ ਸੀ ਅਤੇ ਜਨਤਾ ਦੀਆਂ ਨਜਰਾਂ ਵਿੱਚ ਨਕਲੀ ਸਮਾਜਵਾਦ ਦੀ ਅਸਲੀਅਤ ਉਜਾਗਰ ਹੋ ਚੁੱਕੀ ਸੀ। ਉਦੋਂ ਜਨਤਾ ਦੇ ਖ਼ੂਨ ਪਸੀਨੇ ਨਾਲ ਖੜੇ ਕੀਤੇ ਗਏ ਰਾਜਕੀ ਉਦਯੋਗਾਂ ਨੂੰ ਦੇਸੀ-ਵਿਦੇਸ਼ੀ ਪੂੰਜੀਪਤੀਆਂ ਨੂੰ ਕੌਡੀਆਂ ਦੇ ਭਾਅ ਵੇਚਣ, ਜਾਂ ਇਉਂ ਕਿਹਾ ਜਾਵੇ ਕਿ ਲਗਭਗ ਮੁਫਤ ਸੌਂਪਣ ਦੇ ਸਿਲਸਿਲੇ ਦੀ ਸ਼ੁਰੂਆਤ ਹੋਈ। ਪਿਛਲੀ ਸਦੀ ਦੇ ਅੰਤਿਮ ਦਹਾਕੇ ਵਿਚ ਨਿੱਜੀਕਰਣ-ਉਦਾਰੀਕਰਣ ਦੀਆਂ ਨੀਤੀਆਂ ਜਾਂ 'ਨਵੀਂਆਂ ਆਰਥਿਕ ਨੀਤੀਆਂ' ਦੇ ਨਾਂ ਤੇ ਇਹ ਸਿਲਸਿਲਾ ਖੁੱਲੇ ਤੌਰ ਤੇ ਸ਼ੁਰੂ ਹੋਇਆ ਤੇ ਲਗਾਤਾਰ, ਆਪਣੀ ਰਫਤਾਰ ਤੇਜ਼ ਕਰਦਾ ਹੋਇਆ ਅੱਜ



ਉਹ ਅੱਗੇ ਵਧ ਰਿਹਾ ਹੈ। ਸਰਕਾਰੀ ਅਦਾਰਿਆਂ ਨੂੰ ਪੂੰਜੀਪਤੀ ਘਰਾਣਿਆਂ ਦੇ ਹਵਾਲੇ ਕਰਨ ਦੇ ਨਾਲ ਹੀ ਕੌਮੀ ਅਰਥਚਾਰੇ ਦੇ ਦਰਵਾਜਿਆਂ ਨੂੰ ਵਿਦੇਸ਼ੀ ਲੁੱਟ ਦੇ ਲਈ ਪੂਰੀ ਤਰਾਂ ਨਾਲ ਖੋਲ੍ਹ ਦਿੱਤਾ ਗਿਆ ਹੈ।

ਪਿਛਲੀ ਸਦੀ ਦੇ ਨੌਂਵੇਂ ਦਹਾਕੇ ਤੋਂ ਲੈ ਕੇ ਹੁਣ ਤੱਕ ਦੀ ਮੁੱਦਤ ਇਹੀ ਦਰਸਾਉਂਦੀ ਹੈ ਕਿ ਸਾਮਰਾਜਵਾਦ ਦੇ ਨਵੇਂ ਦੌਰ ਵਿੱਚ, ਭਾਰਤ ਦੀ ਮਿਹਨਤਕਸ਼ ਜਨਤਾ ਦੀ ਗਰਦਨ ਤੇ ਦੇਸੀ-ਵਿਦੇਸ਼ੀ ਪੂੰਜੀ ਦਾ ਲੋਹ-ਸ਼ਿਕੰਜਾ ਹੋਰ ਜ਼ਿਆਦਾ ਮਜਬੂਤੀ ਨਾਲ ਕਸ ਗਿਆ ਹੈ। ਪੂੰਜੀਵਾਦ ਦੁਆਰਾ ਦਿਨ-ਬ-ਦਿਨ ਢਾਈਆਂ ਜਾ ਰਹੀਆਂ ਮੁਸੀਬਤਾਂ ਦੀ ਭਿਆਨਕਤਾ ਅਤੇ ਉਹਨਾਂ ਵਿੱਚ ਵਾਧੇ ਦੀ ਰਫਤਾਰ ਕਈ ਗੁਣਾ ਜ਼ਿਆਦਾ ਵਧ ਗਈ ਹੈ। ਹਰ ਸਾਲ ਕਰੋੜਾਂ ਛੋਟੇ ਕਿਸਾਨ ਆਪਣੀ ਜਗਾ-ਜਮੀਨ ਤੋਂ ਉੱਜੜ ਕੇ ਦਰ ਬਦਰ ਹੋ ਰਹੇ ਹਨ ਅਤੇ ਕਰੋੜਾਂ ਮਜਦੂਰ ਬੇਲਗਾਮ-ਛਾਂਟੀ ਤਾਲਾਬੰਦੀ ਦੇ ਸ਼ਿਕਾਰ ਹੋ ਰਹੇ ਹਨ। ਲੰਮੇ ਸੰਘਰਸ਼ਾਂ ਨਾਲ ਹਾਸਲ ਮਜਦੂਰਾਂ ਦੇ ਅਧਿਕਾਰ ਇੱਕ-ਇੱਕ ਕਰਕੇ ਖੋਹੇ ਜਾ ਰਹੇ ਹਨ। ਵੱਡੇ ਉਦਯੋਗਾਂ ਵਿੱਚ ਵੀ ਜਿਆਦਤਰ ਕੰਮ ਦਿਹਾੜੀ ਅਤੇ ਠੇਕਾ ਮਜਦੂਰਾਂ ਤੋਂ ਕਰਵਾਏ ਜਾ ਰਹੇ ਹਨ ਜਿਹਨਾਂ ਲਈ ਕੰਮ ਦੇ ਘੰਟੇ ਅਤੇ ਘੱਟੋ-ਘੱਟ ਮਜਦੂਰੀ ਸੰਬੰਧੀ ਕਾਨੂੰਨਾਂ ਦਾ ਕੋਈ ਮਤਲਬ ਨਹੀਂ ਰਹਿ ਗਿਆ ਹੈ ਅਤੇ ਜੋ ਮਨੁੱਖੀ ਜ਼ਿੰਦਗੀ ਦੀਆਂ ਘੱਟ ਤੋਂ ਘੱਟ ਸ਼ਰਤਾਂ ਤੱਕ ਤੋਂ ਮਹਿਰੂਮ ਹਨ।

ਸਿਆਸੀ ਅਜ਼ਾਦੀ ਦੀ ਅੱਧੀ ਸਦੀ ਤੋਂ ਵੀ ਜਿਆਦਾ ਲੰਮੇਂ ਸਮੇਂ ਦੇ ਅਖੌਤੀ ਵਿਕਾਸ ਦੀ ਕੁੱਲ ਬੈਲੇਂਸ ਸ਼ੀਟ ਇਹ ਹੈ ਕਿ ਸਭ ਤੋਂ ਉੱਪਰ ਦੇ 22 ਪੂੰਜੀਪਤੀ ਘਰਾਣਿਆਂ ਦੀ ਧਨ-ਦੌਲਤ ਵਿੱਚ ਦੁੱਗਣੇ-ਚੌਂਗਣੇ ਨਹੀਂ ਸਗੋਂ 500 ਗੁਣਾ ਤੋਂ ਵੀ ਜਿਆਦਾ ਦਾ ਵਾਧਾ ਹੋਇਆ ਹੈ। ਬਹੁਰਾਸ਼ਟਰੀ ਨਿਗਮਾਂ ਦੇ ਸ਼ੁੱਧ ਮੁਨਾਫਿਆਂ ਵਿੱਚ ਸੈਂਕੜੇ ਗੁਣਾ ਦਾ ਵਾਧਾ ਹੋਇਆ ਹੈ। ਵਿਦੇਸ਼ੀ ਕਰਜੇ ਦਾ ਬੋਝ, ਸਲਾਨਾ ਕੁੱਝ ਘਾਟੇ-ਵਾਧੇ ਦੇ ਬਾਵਜੂਦ ਪਿਛਲੇ ਕਈ ਸਾਲਾਂ ਤੋਂ 100 ਅਰਬ ਡਾਲਰ ਤੋਂ ਵੀ ਉੱਪਰ ਬਣਿਆ ਹੋਇਆ ਹੈ। ਘਰੇਲੂ ਅਤੇ ਵਿਦੇਸ਼ੀ ਦੇਣਦਾਰੀਆਂ ਮਿਲਾ ਕੇ ਕੇਂਦਰ ਸਰਕਾਰ ਦੇ ਕਰਜ ਦਾ ਕੁੱਲ ਬੋਝ ਕੁੱਲ ਘਰੇਲੂ ਪੈਦਾਵਾਰ ਦੇ 60 ਫੀਸਦੀ ਤੋਂ ਉਪਰ ਜਾ ਰਿਹਾ ਹੈ। ਸਰਕਾਰ ਦੀ ਪੂਰੀ ਆਮਦਨੀ ਕਰਜਿਆਂ ਵਿੱਚ ਹੀ ਖਰਚ ਹੋ ਜਾਂਦੀ ਹੈ। ਹਰ ਤਰਾਂ ਦੇ ਸਰਕਾਰੀ ਘਾਟੇ ਦੀ ਪੂਰਤੀ ਦਾ ਰਸਤਾ ਬੱਸ ਇੱਕ ਹੀ ਰਹਿ ਗਿਆ ਹੈ-ਵਿਆਪਕ ਮਿਹਨਤਕਸ਼ ਅਬਾਦੀ ਨੂੰ ਹੋਰ ਜਿਆਦਾ ਨਿਚੋੜਨਾ ਅਤੇ ਉਸਦੀ ਜਿੰਦਗੀ ਨਰਕ ਤੋਂ ਵੀ ਜਿਆਦਾ ਬਦਤਰ ਬਣਾਉਂਦੇ ਚਲੇ ਜਾਣਾ। ਗਰੀਬੀ ਰੇਖਾ ਤੋਂ ਹੇਠਾਂ ਜੀਣ ਵਾਲਿਆਂ ਦੀ ਗਿਣਤੀ ਅੱਜ ਚਾਲੀ ਕਰੋੜ ਦੇ ਲਗਭਗ ਹੈ ਅਤੇ ਕੰਮ ਕਰਨ ਯੋਗ 30 ਕਰੋੜ ਤੋਂ ਜਿਆਦਾ ਅਬਾਦੀ ਦੇ ਕੋਲ ਕੋਈ ਰੋਜ਼ੀ-ਰੋਜਗਾਰ ਨਹੀਂ ਹੈ। ਹਾਂ ਇਹ ਵਿਕਾਸ ਜਰੂਰ ਹੋ ਰਿਹਾ ਹੈ ਕਿ ਦੇਸ਼ ਵਿੱਚ ਤਰਾਂ-ਤਰਾਂ ਦੀਆਂ ਕਾਰਾਂ, ਮੋਟਰਸਾਈਕਲਾਂ, ਏ.ਸੀ, ਫਰਿਜ਼, ਟੀ.ਵੀ., ਮੋਬਾਇਲ, ਵਾਸ਼ਿੰਗ ਮਸ਼ੀਨਾਂ ਆਦਿ ਨਾਲ ਬਜਾਰ ਭਰੇ ਪਏ ਹਨ, ਵਿਲਾਸਤਾ ਦੇ ਦੀਪਾਂ ਨੂੰ ਜੋੜਨ ਦੇ

ਲਈ ਸੁਪਰ ਰਾਜ ਮਾਰਗ ਬਣ ਰਹੇ ਹਨ। ਦੇਸ਼ ਵਿੱਚ ਕਾਲੇ ਧਨ ਦਾ ਸਮਾਨਅੰਤਰ ਅਰਥਚਾਰਾ ਇੰਨਾ ਮਜਬੂਤ ਹੋ ਚੁੱਕਾ ਹੈ ਕਿ ਇਸਦਾ ਅਕਾਰ ਵਧਦਾ ਹੋਇਆ ਕੁੱਲ ਘਰੇਲੂ ਪੈਦਾਵਾਰ ਦੇ 50 ਫੀਸਦੀ ਦੇ ਆਸ ਪਾਸ ਪਹੁੰਚ ਰਿਹਾ ਹੈ।

ਦੇਸ਼ ਦੀ ਉੱਪਰ ਦੀ ਤਿੰਨ ਫੀਸਦੀ ਅਬਾਦੀ ਅਤੇ ਥੱਲੇ ਦੀ 40 ਫੀਸਦੀ ਅਬਾਦੀ ਦੀ ਆਮਦਨੀ ਵਿਚਲਾ ਫਰਕ ਅੱਜ 40:1 ਹੈ। ਮੁੱਠੀ ਭਰ ਅਮੀਰਾਂ ਦੀ ਜ਼ਿੰਦਗੀ ਦਾ ਪੱਧਰ ਪੱਛਮੀ ਦੇਸ਼ਾਂ ਦੇ ਅਮੀਰਾਂ ਦੇ ਬਰਾਬਰ ਪਹੁੰਚ ਰਿਹਾ ਹੈ, ਜਦਕਿ ਆਮ ਗਰੀਬ ਅਬਾਦੀ ਨੂੰ ਖਾਣ-ਪੀਣ ਅਤੇ ਵਰਤੋਂ ਦੀਆਂ ਹੋਰ ਚੀਜ਼ਾਂ ਅਤੇ ਦਵਾਈ-ਇਲਾਜ ਦੀਆਂ ਕੀਮਤਾਂ ਉਸਦੀ ਪਹੁੰਚ ਤੋਂ ਜਿਆਦਾ ਤੋਂ ਜਿਆਦਾ ਦੂਰ ਹੁੰਦੀਆਂ ਚਲੀਆਂ ਜਾ ਰਹੀਆਂ ਹਨ। ਮੁਢਲੀ ਤੋਂ ਲੈ ਕੇ ਉੱਚ ਸਿੱਖਿਆ ਤੱਕ ਦੇ ਖਰਚਿਆਂ ਵਿੱਚ ਬੇ ਹਿਸਾਬ ਵਾਧਾ ਹੋਇਆ ਹੈ ਅਤੇ ਮੁੰਡੇ-ਕੁੜੀ ਨੂੰ ਇੰਜਨੀਅਰ-ਡਾਕਟਰ ਬਨਾਉਣ ਦਾ ਸੁਫਨਾ ਤਾਂ ਹੁਣ ਇੱਕ ਆਮ ਮੱਧਵਰਗੀ ਨਾਗਰਿਕ ਨਹੀਂ ਦੇਖ ਸਕਦਾ। ਉੱਚ ਸਿੱਖਿਆ ਅਤੇ ਕਾਮਰਸ ਸਿੱਖਿਆ ਦੇ ਕੈਂਪਸਾਂ ਤੱਕ ਆਮ ਘਰਾਂ ਦੇ ਨੌਜਵਾਨਾਂ ਦੀ ਪਹੁੰਚ ਹੁਣ ਲਗਭਗ ਅਸੰਭਵ ਹੁੰਦੀ ਜਾ ਰਹੀ ਹੈ।

ਦੇਸ਼ ਦੀ ਪੂੰਜੀਵਾਦੀ ਜਮਹੂਰੀਅਤ ਦੀ ਅਸਲੀਅਤ ਤਾਂ ਕਾਫੀ ਪਹਿਲਾਂ ਹੀ ਉਜਾਗਰ ਹੋ ਚੁੱਕੀ ਸੀ, ਹੁਣ ਇਸਦਾ ਸਭ ਤੋਂ ਗੰਦਾ ਅਤੇ ਨੰਗਾ-ਨਿਰੰਕੁਸ਼ ਰੂਪ ਸਾਡੇ ਸਾਹਮਣੇ ਹੈ। ਲਾਲ-ਪੀਲੇ-ਹਰੇ-ਨੀਲੇ ਅਤੇ ਦੋਰੰਗੇ-ਤਿਰੰਗੇ ਝੰਡੇ ਵਾਲੀਆਂ ਸਾਰੀਆਂ ਵੋਟ-ਬਟੋਰੂ ਪਾਰਟੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ ਤੇ ਪੂਰੀ ਤਰਾਂ ਨਾਲ ਇੱਕਮਤ ਹਨ। ਉਹਨਾਂ ਦੇ ਵਿਚਕਾਰ ਸਾਰੇ ਝਗੜੇ ਅਤੇ ਕੁੱਤਾ-ਘੜੀਸੀ ਸਿਰਫ ਇਸ ਗੱਲ ਨੂੰ ਲੈ ਕੇ ਹੈ ਕਿ ਹੁਕਮਰਾਨ ਜਮਾਤ ਦਾ ਮੁੱਖ ਨੁਮਾਇੰਦਾ ਬਣਕੇ ਕੁਰਸੀ ਤੇ ਕੌਣ ਬੈਠੇ। ਉਹ ਇਸ ਲਈ ਵੀ ਲੜ ਰਹੇ ਹਨ ਕਿ ਸੰਕਟ ਸਮੇਂ ਸੱਤ੍ਹਾਧਾਰੀ ਆਪਸ ਵਿੱਚ ਕੁੱਤਿਆਂ ਦੀ ਤਰਾਂ ਹੀ ਲੜਦੇ ਹਨ। ਉਹਨਾਂ ਦੀ ਆਪਸੀ ਲੜਾਈ ਦਾ ਇੱਕ ਕਾਰਨ ਇਹ ਵੀ ਹੈ ਕਿ ਲੁਟੇਰਿਆਂ ਵਿੱਚ ਕਦੇ ਵੀ ਸਥਾਈ ਏਕਤਾ ਨਹੀਂ ਹੁੰਦੀ।

ਸਾਡੇ ਦੇਸ਼ ਦੀ ਪੂੰਜੀਵਾਦੀ ਸਿਆਸਤ ਅੱਜ ਰਸਾਤਲ ਦੀਆਂ ਉਹਨਾਂ ਡੂੰਘਾਈਆਂ ਤੱਕ ਜਾ ਪਹੁੰਚੀ ਹੈ, ਜਿੱਥੇ ਨੇਤਾਵਾਂ ਅਤੇ ਅਪਰਾਧੀਆਂ ਦੇ ਗਿਰੋਹਾਂ ਵਿੱਚ ਕੋਈ ਫਰਕ ਨਹੀਂ ਰਹਿ ਗਿਆ ਹੈ। ਪ੍ਰਸ਼ਾਸਨ ਤੰਤਰ ਦੀ ਜੋ ਹਾਲਤ ਹੈ ਉਸ ਵਿੱਚ ਨੌਕਰਸ਼ਾਹਾਂ ਅਤੇ ਠੱਗਾਂ-ਡਾਕੂਆਂ ਦੇ ਵਿੱਚ ਕੋਈ ਫਰਕ ਨਹੀਂ ਰਹਿ ਗਿਆ।

ਸੰਸਦੀ ਜਮਹੂਰੀਅਤ ਦਾ ਨੰਗਾਪਣ ਹੁਣ ਦਿਨ ਦੇ ਉਜਾਲੇ ਦੀ ਤਰਾਂ ਸਾਹਮਣੇ ਹੈ। ਅਰਬਾਂ-ਖਰਬਾਂ ਦੇ ਖਰਚ ਨਾਲ ਹੋਣ ਵਾਲੀਆਂ ਚੋਣਾਂ ਸਿਰਫ ਇਹ ਤਹਿ ਕਰਦੀਆਂ ਹਨ ਕਿ ਅਗਲੇ ਪੰਜ ਸਾਲਾਂ ਤੱਕ ਸਰਕਾਰ ਦੇ ਰੂਪ ਵਿੱਚ "ਹੁਕਮਰਾਨ ਵਰਗਾਂ ਦੀ ਮੈਨੇਜਿੰਗ ਕਮੇਟੀ" ਦਾ ਕੰਮ ਕਿਸ ਪਾਰਟੀ ਜਾਂ ਗੱਠਜੋੜ ਦੇ ਲੋਕ ਸੰਭਾਲਣਗੇ। ਹਾਲਾਤ ਨੇ ਜਨਤਾ ਦੀਆਂ ਨਜਰਾਂ ਦੇ ਸਾਹਮਣੇ ਇਸ ਸੱਚਾਈ ਨੂੰ ਵੀ ਉਜਾਗਰ ਕਰ ਦਿੱਤਾ ਕਿ ਵਿਰਾਟ ਫੌਜੀ ਮਸ਼ੀਨਰੀ ਦਾ ਕੰਮ ਦੇਸ਼ ਦੀ ਸੁਰੱਖਿਆ ਨਹੀਂ ਸਗੋਂ



ਲੋਕ-ਉਭਾਰਾਂ ਤੋਂ ਹੁਕਮਰਾਨਾਂ ਦੀ ਰੱਖਿਆ ਕਰਨਾ ਹੈ। ਇਸੇ ਤਰਾਂ ਪੁਲਸ-ਤੰਤਰ ਦਾ ਕੰਮ ਕਨੂੰਨ-ਵਿਵਸਥਾ ਬਣਾਏ ਰੱਖਣ ਦੇ ਨਾਂ ਤੇ ਜਨਤਾ ਵਿੱਚ ਦਹਿਸ਼ਤ ਪਾਈ ਰੱਖਣਾ ਅਤੇ ਪੂੰਜੀਪਤੀਆਂ ਦੀਆਂ ਤਿਜੋਰੀਆਂ ਦੀ ਚੌਕੀਦਾਰੀ ਕਰਨਾ ਹੈ। ਦੇਸ਼ ਵਿੱਚ ਸਲਾਨਾ ਖਰਬਾਂ ਰੁਪਏ ਅਖੌਤੀ ਲੋਕ-ਪ੍ਰਤੀਨਿਧਾਂ ਅਤੇ ਸੰਸਦ ਦੇ ਹੰਗਾਮਿਆਂ ਤੇ ਖਰਚ ਹੁੰਦੇ ਹਨ। ਖਰਬਾਂ ਰੁਪਏ ਫੌਜ ਤੇ ਖਰਚ ਹੁੰਦੇ ਹਨ, ਖਰਬਾਂ ਰੁਪਏ ਨੌਕਰਸ਼ਾਹੀ-ਤੰਤਰ ਤੇ ਅਤੇ ਖਰਬਾਂ ਰੁਪਏ ਪੁਲਸੀਆ-ਤੰਤਰ ਤੇ ਖਰਚ ਹੁੰਦੇ ਹਨ। ਇਹ ਸਾਰਾ ਖਰਚ ਜਨਤਾ ਆਪਣਾ ਹੀ ਪੇਟ ਕੱਟ ਕੇ ਚੁਕਾਉਂਦੀ ਹੈ। ਜੋ ਪੂੰਜੀਵਾਦੀ ਲੁਟੇਰਿਆਂ ਦੇ ਵਫਾਦਾਰ ਕੁੱਤੇ ਹਨ, ਚੌਕੀਦਾਰੀ ਕਰਨ, ਭੌਂਕਣ ਅਤੇ ਵੱਢ ਖਾਣ ਦੀ ਪੂਰੀ ਕੀਮਤ ਵਸੂਲ ਕਰ ਰਹੇ ਹਨ ਅਤੇ ਪੂੰਜੀਪਤੀ ਇਹ ਕੀਮਤ ਖੁਦ ਨਹੀਂ ਦਿੰਦੇ, ਬਲਕਿ ਲੋਕਤੰਤਰ ਦੇ ਨਾਂ ਤੇ ਉਸੇ ਜਨਤਾ ਤੋਂ ਵਸੂਲਦੇ ਹਨ, ਜਿਸ ਦੀਆਂ ਹੱਡੀਆਂ ਤੋਂ ਉਹ ਆਪਣਾ ਮੁਨਾਫਾ ਨਿਚੋੜਦੇ ਹਨ।

ਅਸਲ ਵਿੱਚ ਭਾਰਤੀ ਪੂੰਜੀਵਾਦੀ ਪ੍ਰਬੰਧ ਸਾਹਮਣੇ ਅੱਜ ਜੋ ਇਕਲੌਤਾ ਵਿਕਲਪ ਬਚਿਆ ਹੈ, ਉਹ ਉਸੇ ਉੱਪਰ ਅਮਲ ਕਰ ਰਿਹਾ ਹੈ। ਬੁਨਿਆਦੀ ਨੀਤੀਆਂ ਤੇ ਆਮ ਸਹਿਮਤੀ ਦੇ ਕਾਰਨ, ਵੋਟ-ਬਟੋਰੂ ਪਾਰਟੀਆਂ ਕੁੱਝ ਗੈਰ ਮੁੱਦਿਆਂ ਤੇ ਆਪਸ ਵਿੱਚ ਗੱਤੇ ਦੀਆਂ ਤਲਵਾਰਾਂ ਚਲਾਉਂਦੀਆਂ ਰਹਿੰਦੀਆਂ ਹਨ, ਜਾਂ ਜਾਤ-ਧਰਮ ਦੇ ਝਗੜੇ ਭੜਕਾ ਕੇ, ਜਨਤਾ ਨੂੰ ਵੰਡ ਕੇ ਆਪਣੀਆਂ ਚੁਣਾਵੀ ਗੋਟੀਆਂ ਲਾਲ ਕਰਦੀਆਂ ਰਹਿੰਦੀਆਂ ਹਨ, ਮਜ਼ਦੂਰ ਹਿਤਾਂ ਦੀ ਦੁਹਾਈ ਦੇਣ ਵਾਲੀਆਂ ਕੁੱਝ ਨਕਲੀ ਖੱਬੇਪੱਖੀ ਪਾਰਟੀਆਂ ਵੀ ਵਿਰੋਧ ਦੇ ਹਵਾਈ ਗੋਲੇ ਛੱਡਦੇ ਹੋਏ ਸੱਤ੍ਹਾ ਦੇ ਢਕਵੰਜ ਵਿੱਚ ਪੂਰੀ ਤਰਾਂ ਨਾਲ ਹਿੱਸੇਦਾਰ ਬਣੀਆਂ ਹੋਈਆਂ ਹਨ। ਆਰਥਿਕ ਉਦਾਰੀਕਰਣ ਦੀ ਲਹਿਰ ਅਤੇ ਪੂੰਜੀਵਾਦੀ ਜਮਹੂਰੀਅਤ ਦੇ ਖੁਰਣ ਨੇ ਸਿਆਸੀ-ਸਾਮਜਿਕ ਤਲ ਤੇ ਪਹਿਲਾਂ ਤੋਂ ਹੀ ਮੌਜੂਦ ਧਾਰਮਿਕ ਕੱਟੜਪੰਥੀ ਫਾਸਿਸਟ ਤਾਕਤਾਂ ਨੂੰ ਵਿਆਪਕ ਸ਼ਕਤੀ ਅਤੇ ਅਧਾਰ ਦੇਣ ਦਾ ਕੰਮ ਕੀਤਾ ਹੈ, ਜੋ ਉਮੀਦੋਂ ਬਾਹਰੇ ਦੰਗਿਆਂ ਅਤੇ ਨਸਲਕੁਸ਼ੀਆਂ ਦੇ ਦੁਆਰਾ ਦੇਸ਼ ਨੂੰ ਖੂਨ ਦੀ ਦਲਦਲ ਬਨਾਉਣ ਦਾ ਕੰਮ ਕਰ ਰਹੀਆਂ ਹਨ।

ਮੋਟੇ ਤੌਰ ਤੇ, ਇਹ ਹੀ ਹੈ ਸਿਆਸੀ ਅਜਾਦੀ ਮਿਲਣ ਤੋਂ ਲੈ ਕੇ ਅੱਜ ਤੱਕ ਦੇ ਸਾਡੇ ਸਮਾਜ ਦਾ ਸਫਰਨਾਮਾ। ਭਾਰਤੀ ਪੂੰਜੀਵਾਦ ਦੇ ਕਮਜੋਰ, ਵਿਕਲਾਂਗ ਟੱਟੂ ਨੇ ਪੂੰਜੀਵਾਦੀ ਸਮਾਜਿਕ ਸਿਆਸੀ ਢਾਂਚੇ ਦੀ ਛੱਕੜਾ ਗੱਡੀ ਨੂੰ ਘੜੀਸਦੇ-ਘੜੀਸਦੇ ਇੱਕ ਬੰਦ ਗਲੀ ਦੇ ਸਿਰੇ ਤੇ ਲਿਆ ਖੜ੍ਹਾ ਕੀਤਾ ਹੈ। ਇਸ ਤੋਂ ਅੱਗੇ ਜਾਣ ਲਈ ਇਸ ਛਕੜਾ ਗੱਡੀ ਨੂੰ ਕਬਾੜਖਾਨੇ ਪਹੁੰਚਾਉਣਾ ਹੋਵੇਗਾ ਅਤੇ ਸਾਹਮਣੇ ਖੜੀ ਦੀਵਾਰ ਨੂੰ ਇੱਕ ਨਵੇਂ ਸਮਾਜਿਕ ਲੋਕ ਇਨਕਲਾਬ ਦੇ ਵਿਸਫੋਟ ਨਾਲ ਤਬਾਹ ਕਰ ਦੇਣਾ ਹੋਵੇਗਾ। ਇਤਿਹਾਸ ਨੇ ਇੱਕ ਵਾਰ ਫਿਰ ਇਹ ਚੁਣੌਤੀਪੂਰਣ ਜਿੰਮੇਵਾਰੀ ਨੌਜਵਾਨਾਂ ਦੇ ਮੋਢਿਆਂ ਤੇ ਦਿੱਤੀ ਹੈ, ਕਿ ਉਹ ਨਵੀਂ ਸਦੀ ਦੇ ਨਵੇਂ ਇਨਕਲਾਬ ਦੇ ਝੰਡਾ-ਬਰਦਾਰ ਬਨਣ। ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਨਵਾਂ ਇਨਕਲਾਬ ਅੱਜ

ਇਤਿਹਾਸ ਦੇ ਅਜੰਡੇ ਤੇ ਸਭ ਤੋਂ ਉੱਪਰ ਹੈ ਅਤੇ ਭਾਰਤ ਉਹਨਾਂ ਸੰਭਾਵਨਾ ਸੰਪੰਨ ਦੇਸ਼ਾਂ ਦੀ ਕਤਾਰ ਵਿੱਚ ਬਹੁਤ ਅੱਗੇ ਹੈ ਜਿੱਥੇ ਇੱਕ ਪ੍ਰਚੰਡ ਵੇਗਵਾਹੀ ਤੂਫਾਨ ਦੀਆਂ ਹਾਲਤਾਂ ਤੇਜੀ ਨਾਲ ਤਿਆਰ ਹੋ ਰਹੀਆਂ ਹਨ। ਨੌਜਵਾਨ ਭਾਰਤ ਸਭਾ ਦੇਸ਼ ਦੇ ਨੌਜਵਾਨਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਨਵੇਂ ਮੁਕਤੀ ਸੰਘਰਸ਼ ਦੀ ਤਿਆਰੀ ਦੇ ਲਈ ਅੱਗੇ ਆਉਣ। ਇਨਕਲਾਬ ਦੇ ਸੁਨੇਹੇ ਨੂੰ ਘਰ-ਘਰ ਤੱਕ ਪਹੁੰਚਾਉਣ, ਜਥੇਬੰਦ ਹੋ ਕੇ ਨਿਆਂ ਅਤੇ ਹੱਕਾਂ ਦੇ ਲਈ ਸੰਘਰਸ਼ ਕਰਨ, ਆਪਣੇ ਹੱਕਾਂ ਤੋਂ ਉੱਪਰ ਉੱਠ ਕੇ ਸਮਾਜ ਵਿੱਚ ਉਤਪ੍ਰੇਰਣ ਵਾਲੀ ਲਹਿਰ ਪੈਦਾ ਕਰਨ ਅਤੇ ਉਸਨੂੰ ਵਿਆਪਕ-ਮਿਹਨਤਕਸ਼ ਜਨਤਾ ਦੇ ਸੰਘਰਸ਼ ਦਾ ਅੰਗ ਬਨਾਉਣ।

---



**"ਭਾਰਤੀ ਰਿਪਬਲਿਕ ਦੇ ਨੌਜਵਾਨੋ, ਨਹੀਂ ਸਿਪਾਹੀਓ, ਕਤਾਰਬੱਧ ਹੋ ਜਾਓ। ਅਰਾਮ ਨਾਲ ਖੜੇ ਨਾ ਰਹੋ ਅਤੇ ਨਾਂ ਹੀ ਬੇਕਾਰ ਦੀ ਕਦਮਤਾਲ ਕਰਦੇ ਜਾਓ। ਲੰਮੀ ਕੰਗਾਲੀ, ਜੋ ਤੁਹਾਨੂੰ ਨਕਾਰਾ ਕਰ ਰਹੀ ਹੈ, ਸਦਾ ਦੇ ਲਈ ਉਤਾਰ ਸੁੱਟੋ। ਤੁਹਾਡਾ ਬਹੁਤ ਹੀ ਨੇਕ ਮਿਸ਼ਨ ਹੈ। ਦੇਸ਼ ਦੇ ਹਰ ਕੋਨੇ ਅਤੇ ਹਰ ਦਿਸ਼ਾ ਦੇ ਵਿੱਚ ਫੈਲ ਜਾਓ ਅਤੇ ਭਵਿੱਖ ਦੇ ਇਨਕਲਾਬ ਦੇ ਲਈ ਜਿਸਦਾ ਆਉਣਾ ਨਿਸ਼ਚਤ ਹੈ, ਲੋਕਾਂ ਨੂੰ ਤਿਆਰ ਕਰੋ। ਫਰਜ਼ ਦੇ ਬਿਗੁਲ ਦੀ ਅਵਾਜ਼ਸੁਣੋ। ਬੇਕਾਰ ਹੀ ਖਾਲੀ ਜ਼ਿੰਦਗੀ ਨਾ ਗਵਾਓ। ਅੱਗੇ ਵਧੋ, ਤੁਹਾਡੀ ਜ਼ਿੰਦਗੀ ਦਾ ਹਰ ਪਲ ਇਸ ਤਰਾਂ ਦੇ ਤਰੀਕੇ ਅਤੇ ਤਰਕੀਬਾਂ ਲੱਭਣ ਵਿੱਚ ਲੱਗਣਾ ਚਾਹੀਦਾ ਹੈ ਕਿ ਕਿਵੇਂ ਆਪਣੀ ਪੁਰਾਤਨ ਧਰਤੀ ਦੀਆਂ ਅੱਖਾਂ ਵਿੱਚ ਅੱਗ ਬਲ ਉੱਠੇ ਅਤੇ ਇੱਕ ਲੰਮੀ ਅੰਗੜਾਈ ਲੈ ਕੇ ਉਹ ਜਾਗ ਉੱਠੇ।"**

**—ਸ਼ਹੀਦ ਭਗਤ ਸਿੰਘ**

**(ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਮੈਨੀਫੈਸਟੋ)**



## ਸਾਡਾ ਪ੍ਰੋਗਰਾਮ

(1) ਦੇਸ਼ੀ-ਵਿਦੇਸ਼ੀ ਪੂੰਜੀ ਦੀ ਲੁੱਟ ਦੀਆਂ ਨੀਹਾਂ ਤੇ ਖੜ੍ਹੇ ਮੌਜੂਦਾ ਸਮਾਜਿਕ-ਆਰਥਿਕ ਢਾਂਚੇ ਨੂੰ ਨਸ਼ਟ ਕਰਕੇ ਬਰਾਬਰੀ, ਇਨਸਾਫ ਅਤੇ ਮਨੁੱਖੀ ਗੌਰਵ ਦੀਆਂ ਨੀਹਾਂ ਤੇ ਇੱਕ ਨਵੇਂ ਸਮਾਜਿਕ-ਆਰਥਿਕ ਢਾਂਚੇ ਦੀ ਉਸਾਰੀ ਨੌਜਵਾਨ ਭਾਰਤ ਸਭਾ ਦਾ ਅੰਤਿਮ ਟੀਚਾ ਹੈ। ਇਸ ਇਤਿਹਾਸਿਕ ਮਹਾਂ ਜੰਗ ਵਿੱਚ ਦੇਸ਼ ਦੀ ਇਨਕਲਾਬੀ ਨੌਜਵਾਨ ਊਰਜਾ ਨੂੰ ਲਾਮਬੰਦ ਕਰਨਾ ਸਾਡਾ ਅਟੱਲ ਸਕੰਲਪ ਹੈ। ਇਹ ਇਤਿਹਾਸ ਨਾਲ ਸਾਡਾ ਇਕਰਾਰ ਅਤੇ ਭਵਿੱਖ ਨਾਲ ਸਾਡਾ ਵਾਅਦਾ ਹੈ ਕਿ ਅਸੀਂ ਸ਼ਹੀਦ ਭਗਤ ਸਿੰਘ ਦੇ ਸੱਦੇ ਤੇ ਅਮਲ ਕਰਦੇ ਹੋਏ ਇਨਕਲਾਬ ਦਾ ਸੁਨੇਹਾ ਲੈ ਕੇ ਕਾਰਖਾਨਿਆਂ ਅਤੇ ਖੇਤ-ਖਲਿਹਾਨਾਂ ਤੱਕ ਜਾਵਾਂਗੇ ਅਤੇ ਵਿਸ਼ਾਲ ਮਿਹਨਤਕਸ਼ ਲੋਕਾਈ ਨੂੰ ਇੱਕ ਅਜਿਹਾ ਪ੍ਰਬੰਧ ਕਾਇਮ ਕਰਨ ਦੇ ਲਈ ਸੰਘਰਸ਼ ਵਿੱਚ ਲਾਮਬੰਦ ਕਰਾਂਗੇ ਜਿਸ ਵਿੱਚ ਪੈਦਾਵਾਰ, ਰਾਜਭਾਗ ਅਤੇ ਸਮਾਜ ਨੂੰ ਚਲਾਉਣ ਦੇ ਨਿਯਮ ਅਤੇ ਨੀਤੀਆਂ ਖੁਦ ਪੈਦਾਵਾਰ ਕਰਨ ਵਾਲੇ ਲੋਕ ਬਨਾਉਣਗੇ, ਜਿਸ ਵਿੱਚ ਜਿਉਣ ਦਾ ਅਧਿਕਾਰ ਸਿਰਫ ਕੰਮ ਕਰਨ ਵਾਲਿਆਂ ਨੂੰ ਹੋਵੇਗਾ, ਜਿਸ ਵਿੱਚ ਮੁਫਤਖੋਰੀ, ਮੁਨਾਫਾਖੋਰੀ ਅਤੇ ਬੌਧਿਕ ਕੰਮ ਕਰਨ ਵਾਲਿਆਂ ਦੇ ਵਿਸ਼ੇਸ਼ ਅਧਿਕਾਰਾਂ ਦੇ ਲਈ ਕੋਈ ਸਥਾਨ ਨਹੀਂ ਹੋਵੇਗਾ। ਕੇਵਲ ਅਜਿਹਾ ਪ੍ਰਬੰਧ ਹੀ ਪੂੰਜੀ ਦੇ ਨਾਗਵਲ਼ ਤੋਂ ਮੁਕਤ ਕਰਕੇ ਸਾਡੇ ਸਮਾਜ ਨੂੰ ਤੱਰਕੀ ਦੀਆਂ ਅਣਛੋਹੀਆਂ ਉਚਾਈਆਂ ਤੱਕ ਪਹੁੰਚਾ ਸਕੇਗਾ।

(2) ਅਸੀਂ ਚੰਗੀ ਤਰਾਂ ਸਮਝਦੇ ਹਾਂ ਕਿ ਇਸ ਅੰਤਮ ਟੀਚੇ ਤੱਕ ਪਹੁੰਚਣ ਦਾ ਰਸਤਾ ਬੇਹੱਦ ਲੰਬਾ ਅਤੇ ਔਕੜਾਂ ਭਰਿਆ ਹੈ, ਲੇਕਿਨ ਰਸਤੇ ਦੀਆਂ ਚੁਣੌਤੀਆਂ ਦ੍ਰਿੜ-ਸੰਕਲਪ ਮੁਸਾਫਰਾਂ ਨੂੰ ਸਫਰ ਸ਼ੁਰੂ ਕਰਨ ਤੋਂ ਨਹੀਂ ਰੋਕ ਸਕਦੀਆਂ। ਹਜਾਰਾਂ ਮੀਲ ਲੰਬੇ ਸਫਰ ਦੀ ਸ਼ੁਰੂਆਤ ਵੀ ਇੱਕ ਕਦਮ ਉਠਾਉਣ ਨਾਲ ਹੀ ਹੁੰਦੀ ਹੈ ਅਤੇ ਫਿਰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਅਸੀਂ ਸਿਫਰ ਤੋਂ ਸ਼ੁਰੂਆਤ ਨਹੀਂ ਕਰ ਰਹੇ ਹਾਂ। ਸਾਡੇ ਪਿੱਛੇ ਸੰਘਰਸ਼ਾਂ ਅਤੇ ਸ਼ਹਾਦਤਾਂ ਦੀ ਇੱਕ ਅਮੀਰ ਵਿਰਾਸਤ ਹੈ ਅਤੇ ਵਰਤਮਾਨ ਸਮੇਂ ਵਿੱਚ ਵੀ ਪੂਰੇ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਨੌਜਵਾਨਾਂ ਦੇ ਇਨਕਲਾਬੀ ਸੰਘਰਸ਼ ਜਾਰੀ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਅਤੀਤ ਦੇ ਹਾਂ-ਪੱਖੀ ਅਤੇ ਨਾਂਹ-ਪੱਖੀ ਤਜਰਬਿਆਂ ਦਾ ਨਿਚੋੜ ਕੱਢਿਆ ਜਾਵੇ। ਵਰਤਮਾਨ ਹਾਲਤਾਂ ਅਤੇ ਨਵੇਂ ਬਦਲਾਵਾਂ ਦਾ ਅਧਿਐਨ ਕੀਤਾ ਜਾਵੇ, ਉਹਨਾਂ ਦੇ ਅਧਾਰ ਤੇ ਸੰਘਰਸ਼ ਦੀ ਨੀਤੀ-ਰਣਨੀਤੀ ਵਿੱਚ ਜਰੂਰੀ ਬਦਲਾਅ ਕੀਤੇ ਜਾਣ ਅਤੇ ਫਿਰ ਇਨਕਲਾਬੀ ਨੌਜਵਾਨਾਂ ਦੇ ਖਿੰਡੇ ਹੋਏ ਸੰਘਰਸ਼ਾਂ ਨੂੰ ਇੱਕ ਸਹੀ-ਸਟੀਕ ਪ੍ਰੋਗਰਾਮ ਦੇ ਅਧਾਰ ਤੇ ਇੱਕਜੁੱਟ ਕੀਤਾ ਜਾਵੇ। ਆਪਣੇ ਪ੍ਰੋਗਰਾਮ ਨੂੰ ਅਮਲ ਵਿੱਚ ਲਿਆਉਂਦੇ ਹੋਏ ਨੌਜਵਾਨ ਭਾਰਤ ਸਭਾ ਦੇਸ਼ ਦੀ ਇਨਕਲਾਬੀ ਨੌਜਵਾਨ ਲਹਿਰ ਦੀ ਇੱਕਜੁੱਟਤਾ ਦੇ ਲਈ ਆਪਣੀਆਂ ਕੋਸ਼ਿਸ਼ਾਂ ਲਗਾਤਾਰ

ਜਾਰੀ ਰੱਖੇਗੀ।

(3) ਨੌਜਵਾਨਾਂ ਨੂੰ ਪੂੰਜੀ ਦੀ ਸੱਤ੍ਹਾ ਨੂੰ ਢਹਿ-ਢੇਰੀ ਕਰਨ ਦੀ ਫੈਸਲਾਕੁਨ ਲੜਾਈ ਦੇ ਅੰਤਿਮ ਟੀਚੇ ਨੂੰ ਪਲਭਰ ਦੇ ਲਈ ਵੀ ਭੁੱਲਣਾ ਨਹੀਂ ਚਾਹੀਦਾ, ਪਰ ਉਸਦੀ ਤਿਆਰੀ ਦੀ ਲੰਮੀ ਪ੍ਰਕਿਰਿਆ ਵਿੱਚ ਉਹਨਾਂ ਨੂੰ ਨਿੱਤ-ਦਿਨ ਦੇ ਜੀਵਨ ਵਿੱਚ ਲੋਕਾਂ ਦੀਆਂ ਬਹੁਤ ਸਾਰੀਆਂ ਛੋਟੀਆਂ-ਬੜੀਆਂ ਸਮੱਸਿਆਵਾਂ ਨੂੰ ਲੈ ਕੇ, ਸੰਘਰਸ਼ਾਂ ਵਿੱਚ ਉੱਤਰਨਾ ਹੋਵੇਗਾ, ਰੋਜ਼-ਰੋਜ਼ ਦੀ ਜ਼ਿੰਦਗੀ ਵਿੱਚ ਆਮ ਹੋ ਚੁੱਕੇ ਅਨਿਆਵਾਂ-ਅੱਤਿਆਚਾਰਾਂ ਦੇ ਖਿਲਾਫ ਅਵਾਜ਼ ਬੁਲੰਦ ਕਰਨੀ ਹੋਵੇਗੀ ਇਸ ਢਾਂਚੇ ਦੇ ਘੇਰੇ ਦੇ ਅੰਦਰ ਛੋਟੇ-ਬੜੇ ਸੁਧਾਰਾਂ ਲਈ ਵੀ ਲੜਨਾ ਹੋਵੇਗਾ। ਇਸ ਪ੍ਰਕਿਰਿਆ ਵਿੱਚ ਇਨਕਲਾਬੀ ਨੌਜਵਾਨਾਂ ਨੂੰ ਆਮ ਜਨਤਾ ਦਾ ਭਰੋਸਾ ਜਿੱਤਣ ਦਾ, ਅਮਲ ਵਿੱਚ ਆਪਣੇ ਆਪ ਨੂੰ ਸਿੱਧ ਕਰਨ ਦਾ ਅਤੇ ਅਗਾਂਹ ਦੀਆਂ ਵੱਡੀਆਂ ਲੜਾਈਆਂ ਦੇ ਲਈ ਆਪਣੀ ਤਾਕਤ ਤੋਲਣ ਅਤੇ ਰਿਹਰਸਲ ਕਰਨ ਦਾ ਮੌਕਾ ਮਿਲੇਗਾ। ਯਾਦ ਰਹੇ ਕਿ ਸੁਧਾਰਾਂ ਦੇ ਲਈ ਲੜਨਾ ਹਰ ਹਾਲ ਵਿੱਚ ਸੁਧਾਰਵਾਦ ਨਹੀਂ ਹੁੰਦਾ। ਜੇਕਰ ਇਨਕਲਾਬੀ ਤਬਦੀਲੀ ਦਾ ਟੀਚਾ ਅਤੇ ਸੁਨਿਸ਼ਚਤ ਕਾਰਜਯੋਜਨਾ ਸਾਡੇ ਕੋਲ ਹੋਵੇ ਤਾਂ ਵਿਆਪਕ ਅਬਾਦੀ ਨਾਲ ਇੱਕਜੁੱਟਤਾ ਬਨਾਉਣ, ਉਸ ਦੀ ਚੇਤਨਾ ਨੂੰ ਜੁਝਾਰੂ ਬਨਾਉਣ ਅਤੇ ਉਸਨੂੰ ਚੇਤਨ, ਲਾਮਬੰਦ ਅਤੇ ਜਥੇਬੰਦ ਕਰਨ ਦੇ ਉਦੇਸ਼ ਨਾਲ ਅਸੀਂ ਸੁਧਾਰਾਂ ਅਤੇ ਅਧਿਕਾਰਾਂ ਦੀਆਂ ਜਿਨ੍ਹਾਂ ਛੋਟੀਆਂ-ਛੋਟੀਆਂ ਲੜਾਈਆਂ ਨਾਲ ਸ਼ੁਰੂਆਤ ਕਰਦੇ ਹਾਂ, ਉਹ ਇੱਕ ਲੰਬੇ ਇਨਕਲਾਬੀ ਸੰਘਰਸ਼ ਦੀਆਂ ਕੜੀਆਂ ਬਣ ਜਾਂਦੀਆਂ ਹਨ। ਜੇਕਰ ਸੁਧਾਰਾਂ ਨੂੰ ਹੀ ਟੀਚਾ ਬਣਾ ਲਿਆ ਜਾਵੇ ਤਾਂ ਉਹ ਇਸੇ ਪ੍ਰਬੰਧ ਅੰਦਰ ਟਾਕੀਆਂ ਲਗਾਉਣ ਵਰਗਾ ਹੁੰਦਾ ਹੈ ਜਿਸਨੂੰ ਅਸੀਂ ਸੁਧਾਰਵਾਦ ਕਹਿ ਸਕਦੇ ਹਾਂ। ਪਰ ਸਾਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਸੁਧਾਰਾਂ ਅਤੇ ਅਧਿਕਾਰਾਂ ਦੀਆਂ ਛੋਟੀਆਂ-ਛੋਟੀਆਂ ਨਿੱਤ-ਦਿਨ ਦੀਆਂ ਲੜਾਈਆਂ ਵਿੱਚ ਵਿਆਪਕ ਆਮ ਅਬਾਦੀ ਨੂੰ ਚੇਤਨ-ਜਥੇਬੰਦ ਕੀਤੇ ਬਿਨਾਂ, ਜੇਕਰ ਕੁੱਝ ਨੌਜਵਾਨ ਵਿਅਕਤੀਗਤ ਬਹਾਦਰੀ ਅਤੇ ਸ਼ਹਾਦਤ ਦੇ ਸਹਾਰੇ ਇਨਕਲਾਬ ਦਾ ਸੁਪਨਾ ਦੇਖਦੇ ਹਨ ਤਾਂ ਇਹ ਮੱਧਵਰਗੀ ਇਨਕਲਾਬੀਪੁਣੇ ਦੀ ਜਲਦਬਾਜ਼ ਮਾਨਸਿਕਤਾ ਹੋਵੇਗੀ ਜਿਸਨੂੰ ਅਸੀਂ ਮਾਅਰਕੇਬਾਜ਼ੀ ਵੀ ਕਹਿ ਸਕਦੇ ਹਾਂ। ਯਾਦ ਰਹੇ ਕਿ ਇਨਕਲਾਬ ਹਮੇਸ਼ਾ ਆਮ ਜਨਤਾ ਕਰਦੀ ਹੈ, ਮੁੱਠੀਭਰ ਬਹਾਦਰ ਲੋਕ ਨਹੀਂ। ਇਨਕਲਾਬ ਦਾ ਹਰ ਸ਼ਾਰਟਕਟ ਸਾਨੂੰ ਇਨਕਲਾਬ ਤੋਂ ਦੂਰ ਹੀ ਲੈ ਜਾਂਦਾ ਹੈ। ਸਾਨੂੰ ਸੁਧਾਰਵਾਦ ਅਤੇ ਮਾਅਰਕੇਬਾਜੀ ਦੇ ਦੋ ਸਿਰਿਆਂ ਦੇ ਭਟਕਾਵਾਂ ਤੋਂ ਬਚਦੇ ਹੋਏ ਭਾਰਤ ਦੀ ਨੌਜਵਾਨ ਲਹਿਰ ਨੂੰ ਇਨਕਲਾਬੀ ਜਨਤਕ ਲੀਹ ਦੇ ਅਧਾਰ ਤੇ ਅੱਗੇ ਵਧਾਉਣਾ ਹੋਵੇਗਾ।

(4) ਪੂੰਜੀਵਾਦ ਦੇ ਇਸ ਵਹਿਸ਼ੀ ਮਨੁੱਖ ਦੋਖੀ ਦੌਰ ਨੇ ਵਿਆਪਕ ਆਮ ਨੌਜਵਾਨ ਅਬਾਦੀ ਦੇ ਸਾਹਮਣੇ ਜੋ ਸਭ ਤੋਂ ਬਲਦੇ ਅਤੇ ਫੌਰੀ ਸਵਾਲ ਲਿਆ ਖੜੇ ਕੀਤੇ ਹਨ, ਉਹ ਹਨ ਲਗਾਤਾਰ ਮਹਿੰਗੀ ਅਤੇ ਪਹੁੰਚ ਤੋਂ ਦੂਰ ਹੁੰਦੀ ਸਿੱਖਿਆ ਅਤੇ



ਰੁਜਗਾਰ ਦੇ ਮੌਕਿਆ ਵਿੱਚ ਲਗਾਤਾਰ ਕਮੀ। ਹਾਲਤ ਹੁਣ ਅਸਿਹਣਯੋਗ ਅਤੇ ਵਿਸਫੋਟਕ ਹੁੰਦੀ ਜਾ ਰਹੀ ਹੈ। ਹਰ ਸਾਲ ਕਾਰਖਾਨਿਆਂ ਅਤੇ ਦਫਤਰਾਂ ਤੋਂ ਲੱਖਾਂ ਮਜਦੂਰਾਂ ਅਤੇ ਲੱਖਾਂ ਮੱਧਵਰਗੀ ਲੋਕਾਂ ਦੀ ਛਾਂਟੀ ਅਤੇ ਲੱਖਾ ਛੋਟੇ ਕਿਸਾਨਾਂ ਦੇ ਜਗ੍ਹਾ ਜਮੀਨ ਤੋਂ ਉੱਜੜਨ ਦੇ ਚਲਦੇ ਹਾਲਾਤ ਹੋਰ ਜ਼ਿਆਦਾ ਬਦਤਰ ਹੁੰਦੇ ਜਾ ਰਹੇ ਹਨ ਅਤੇ ਮੁਨਾਫਾਖੋਰਾਂ ਨੂੰ ਸਸਤੀਆਂ ਤੋਂ ਸਸਤੀਆਂ ਦਰਾਂ ਤੇ ਕਿਰਤ-ਸ਼ਕਤੀ ਨਿਚੋੜਨ ਦਾ ਮੌਕਾ ਮਿਲ ਰਿਹਾ ਹੈ। ਇਸ ਲਈ ਪੂੰਜੀਵਾਦੀ ਪ੍ਰਬੰਧ ਦੇ ਖਿਲਾਫ ਇਨਕਲਾਬੀ ਨੌਜਵਾਨ ਲਹਿਰ ਦਾ ਜੋ ਨਾਅਰਾ ਸਰਵ ਪ੍ਰਮੁੱਖ ਹੋਵੇਗਾ ਉਹ ਹੈ—**'ਸਭ ਲਈ ਸਮਾਨ ਸਿੱਖਿਆ ਅਤੇ ਸਭ ਨੂੰ ਰੁਜਗਾਰ ਦੇ ਸਮਾਨ ਮੌਕੇ।'** ਬੇਰੁਜਗਾਰੀ ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ਦੀ ਇੱਕ ਜ਼ਰੂਰੀ ਉਪਜ ਹੈ। ਜਮਾਤੀ ਵਖਰੇਵਿਆਂ ਵਾਲੇ ਸਮਾਜ ਵਿੱਚ ਸਿੱਖਿਆ ਉੱਪਰ ਤੋਂ ਥੱਲੇ ਤੱਕ ਅਸਾਵੀਂ ਹੁੰਦੀ ਹੈ ਅਤੇ ਇਹ ਅਸਮਾਨਤਾ ਲਗਾਤਾਰ ਵਧਦੀ ਜਾਂਦੀ ਹੈ। ਜਿਸ ਸਿੱਖਿਆ ਤੋਂ ਰੁਜ਼ਗਾਰ ਦੀ ਗੁੰਜਾਇਸ਼ ਜਿਆਦਾ ਹੁੰਦੀ ਹੈ, ਉਹ ਮੁੱਠੀ ਭਰ ਅਮੀਰਾਂ ਦੀਆਂ ਔਲਾਦਾਂ ਲਈ ਰਾਖਵੀਂ ਹੋ ਜਾਂਦੀ ਹੈ ਅਤੇ 'ਘਟਦੀਆਂ ਸੀਟਾਂ ਵਧਦੀਆਂ ਫੀਸਾਂ' ਦਾ ਆਮ ਚਲਨ ਗਰੀਬ ਅਤੇ ਔਸਤ ਮੱਧਵਰਗੀ ਨੌਜਵਾਨਾ ਨੂੰ ਉੱਚ ਸਿੱਖਿਆ ਦੇ ਕੈਂਪਸਾਂ ਤੋਂ ਬਾਹਰ ਧੱਕ ਦਿੰਦਾ ਹੈ। ਇਸ ਲਈ ਅਸਾਵੀਂ ਤੇ ਮਹਿੰਗੀ ਸਿੱਖਿਆ ਅਤੇ ਬੇਰੁਜ਼ਗਾਰੀ ਦੇ ਖਿਲਾਫ ਸੰਘਰਸ਼ ਦਾ ਨਾਅਰਾ ਹਕੀਕਤਨ ਪੂੰਜੀਵਾਦੀ ਪ੍ਰਬੰਧ ਦੇ ਇੱਕ ਆਮ ਨਿਯਮ ਅਤੇ ਇੱਕ ਆਮ ਰੁਝਾਣ ਤੇ ਸੱਟ ਮਾਰਦਾ ਹੈ। ਇਹ ਇਨਕਲਾਬੀ ਨੌਜਵਾਨ ਲਹਿਰ ਦਾ ਸਭ ਤੋਂ ਸਿਖਰਲਾ ਯੁੱਧਨੀਤਿਕ ਨਾਅਰਾ ਹੈ। ਸਮਾਨ ਸਿੱਖਿਆ ਅਤੇ ਸਭ ਨੂੰ ਰੁਜ਼ਗਾਰ ਦੇ ਸਮਾਨ ਮੌਕੇ ਦਾ ਸੰਘਰਸ਼ ਅਣਗਿਣਤ ਛੋਟੇ-ਛੋਟੇ ਸੰਘਰਸ਼ਾਂ ਦੀਆਂ ਕੜੀਆਂ ਦੇ ਨਾਲ ਬਣੇਗਾ ਅਤੇ ਕਈ ਮੰਜਲਾਂ ਤੋਂ ਗੁਜਰਦੇ ਵਿਆਪਕ ਅਤੇ ਉੱਨਤ ਹੋਵੇਗਾ। ਮੁਫਤ ਅਤੇ ਸਮਾਨ ਮੁੱਢਲੀ ਸਿੱਖਿਆ ਦੀ ਮੰਗ ਅਤੇ ਸਿੱਖਿਆ ਨੂੰ ਮੁਨਾਫੇ ਦਾ ਧੰਦਾ ਬਨਾਉਣ ਤੋਂ ਰੋਕਣ ਦੇ ਲਈ ਸੰਘਰਸ਼ ਜਥੇਬੰਦ ਕਰਨਾ ਅਤੇ ਇਸ ਮੰਗ ਨੂੰ ਲੈ ਕੇ ਆਮ ਨਾਗਰਿਕਾਂ ਨੂੰ ਵੀ ਲਾਮਬੰਦ ਕਰਨਾ ਨੌਜਵਾਨ ਲਹਿਰ ਦੀ ਇੱਕ ਅਹਿਮ ਜਿੰਮੇਵਾਰੀ ਹੈ ਅਤੇ ਸਮਾਨ ਸਿੱਖਿਆ ਅਤੇ ਸਭ ਨੂੰ ਰੁਜ਼ਗਾਰ ਦੇ ਲਈ ਸੰਘਰਸ਼ ਦੀ ਇੱਕ ਕੜੀ ਹੈ। ਸਰਕਾਰ ਜਦ ਤੱਕ ਹਰ ਕੰਮ ਕਰਨ ਯੋਗ ਵਿਅਕਤੀ ਨੂੰ ਕੰਮ ਨਾ ਦੇ ਸਕੇ, ਉਦੋਂ ਤੱਕ ਗੁਜ਼ਾਰੇ ਯੋਗ ਬੇਰੁਜ਼ਗਾਰੀ ਭੱਤਾ ਤਾਂ ਜ਼ਰੂਰ ਹੀ ਦੇਵੇ, ਇਸ ਮੰਗ ਨੂੰ ਲੈ ਕੇ ਉਠਾਇਆ ਜਾਣ ਵਾਲਾ ਸੰਘਰਸ਼ ਸਿੱਖਿਆ ਅਤੇ ਰੁਜ਼ਗਾਰ ਦੇ ਮਸਲੇ ਤੇ ਜਾਰੀ ਲਮਕਵੇਂ ਸੰਘਰਸ਼ ਦੀ ਸਭ ਤੋਂ ਜ਼ਿਆਦਾ ਮੱਹਤਵਪੂਰਨ ਕੜੀ ਹੈ। ਇਸ ਤੋਂ ਬਿਨਾਂ ਨੌਜਵਾਨਾਂ ਨੂੰ ਉੱਚ ਸਿੱਖਿਆ ਵਿੱਚ ਸੀਟਾਂ ਦੀ ਕਮੀ ਅਤੇ ਫੀਸਾਂ ਵਿੱਚ ਵਾਧੇ ਦੇ ਹਰ ਕਦਮ ਦਾ ਡਟਕੇ ਵਿਰੋਧ ਕਰਨਾ ਹੋਵੇਗਾ। ਇਸੇ ਪ੍ਰਕਾਰ ਮੈਡੀਕਲ, ਤਕਨੀਕੀ ਅਤੇ ਮੈਨੇਜਮੈਂਟ ਆਦਿ ਵਿਸ਼ਿਸ਼ਟ ਕੋਰਸਾਂ ਵਿੱਚ ਡੋਨੇਸ਼ਨ ਦੇ ਪ੍ਰਬੰਧ ਦੇ ਖਿਲਾਫ ਸੰਘਰਸ਼ ਵੀ ਨੌਜਵਾਨ ਲਹਿਰ ਦਾ ਇੱਕ ਮੁੱਦਾ ਹੈ। ਜਿਸਨੂੰ ਅੱਗੇ ਵਧਾਉਣ ਦੇ ਵਿੱਚ ਉਹ ਇਨਕਲਾਬੀ ਵਿਦਿਆਰਥੀ

ਜਥੇਬੰਦੀਐਂ ਦੇ ਨਾਲ ਵਧ-ਚੜ ਕੇ ਹਿੱਸੇਦਾਰੀ ਕਰੇਗਾ। ਸਿੱਖਿਆ ਦੇ ਖੇਤਰ ਵਿੱਚ ਅੰਨ੍ਹੇਵਾਹ ਜਾਰੀ ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਯਾਨੀ ਸਿੱਖਿਆ ਅਦਾਰਿਆਂ ਨੂੰ ਦੇਸੀ-ਵਿਦੇਸ਼ੀ ਪੂੰਜੀਪਤੀਆਂ ਨੂੰ ਪ੍ਰਤੱਖ ਜਾਂ ਅਪ੍ਰੱਤਖ ਢੰਗ ਨਾਲ ਸੌਂਪਦੇ ਜਾਣ ਦੀਆਂ ਨੀਤੀਆਂ ਸਿੱਖਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਜ਼ਿਆਦਾ ਤੋਂ ਜ਼ਿਆਦਾ ਦੂਰ ਕਰਨ ਅਤੇ ਬੇਰੁਜ਼ਗਾਰੀ ਵਧਾਉਣ ਵਿੱਚ ਅੱਜ ਸੱਭ ਤੋਂ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਸ ਲਈ ਸਮਾਨ ਸਿੱਖਿਆ ਅਤੇ ਸਭ ਨੂੰ ਰੁਜ਼ਗਾਰ ਦੇ ਸਮਾਨ ਮੌਕੇ ਦੇ ਟੀਚੇ ਦੇ ਲਈ ਸਰਗਰਮ ਨੌਜਵਾਨ ਲਹਿਰ ਨੂੰ ਇਹਨਾਂ ਨੀਤੀਆਂ ਦਾ ਅਮਲੀ ਖਾਸਾ ਉਜਾਗਰ ਕਰਨਾ ਹੋਵੇਗਾ ਅਤੇ ਇਹਨਾਂ ਦੇ ਖਿਲਾਫ ਸੰਘਰਸ਼ ਕਰਦੇ ਹੋਏ ਨੌਜਵਾਨਾਂ ਦੇ ਸਾਹਮਣੇ ਅਤੇ ਪੂਰੇ ਸਮਾਜ ਦੇ ਸਾਹਮਣੇ ਵਿਕਲਪਿਕ ਲੋਕ ਪੱਖੀ ਨੀਤੀਆਂ ਦਾ ਖਾਕਾ ਪੇਸ਼ ਕਰਨਾ ਹੋਵੇਗਾ। ਵਧਦੀ ਅਬਾਦੀ ਨੂੰ ਬੇਰੁਜ਼ਗਾਰੀ ਦਾ ਕਾਰਣ ਦੱਸਣ ਵਾਲੇ ਪਿਛਾਖੜੀ ਮਾਲਥਸਵਾਦੀ ਸਿਧਾਂਤ ਦੇ ਨਵੇਂ-ਨਵੇਂ ਐਡੀਸ਼ਨਾਂ ਦਾ ਤਰਕਪੂਰਣ ਖੰਡਣ ਕਰਦੇ ਹੋਏ, ਸਾਨੂੰ ਇਸ ਸੱਚਾਈ ਨੂੰ ਸਪੱਸ਼ਟ ਕਰਨਾ ਹੋਵੇਗਾ ਕਿ ਬੇਰੁਜ਼ਗਾਰੀ ਦਾ ਬੁਨਿਆਦੀ ਕਾਰਨ ਮੁਨਾਫੇ ਦੇ ਲਈ ਪੈਦਾਵਾਰ ਦੀ ਪ੍ਰਣਾਲੀ ਹੈ, ਨਾ ਕਿ ਵਧਦੀ ਅਬਾਦੀ। ਜਦ ਵਿਕਾਸ ਦੇ ਇੰਨੇ ਜ਼ਿਆਦਾ ਕੰਮ ਪਏ ਹੋਏ ਹੋਣ ਅਤੇ ਕੁਦਰਤੀ ਵਸੀਲੇ ਵੀ ਹੋਣ ਅਤੇ ਕੰਮ ਕਰਨ ਵਾਲੇ ਲੋਕ ਵੀ ਹੋਣ, ਤਾਂ ਰੋਜ਼ਗਾਰ ਦੀ ਕਮੀ ਹੋਣੀ ਹੀ ਨਹੀਂ ਚਾਹੀਦੀ। ਪੈਦਾਵਾਰ ਜੇਕਰ ਬਜਾਰ ਦੇ ਲਈ ਨਹੀਂ ਸਗੋਂ ਮਨੁੱਖੀ ਲੋੜਾਂ ਦੇ ਲਈ ਹੋਵੇ ਤਾਂ ਸਾਰੇ ਕੰਮ ਕਰਨ ਵਾਲਿਆਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਨੌਜਵਾਨ ਭਾਰਤ ਸਭਾ ਸਿੱਖਿਆ ਅਤੇ ਰੁਜ਼ਗਾਰ ਦੇ ਮਸਲੇ ਤੇ ਸੰਘਰਸ਼ ਕਰਦੇ ਹੋਏ ਬੇਰੁਜ਼ਗਾਰੀ ਅਤੇ ਮਸਲਿਆਂ ਤੇ ਭੁਲੇਖਾਪਾਊ ਪ੍ਰਚਾਰ ਦੇ ਵਿਰੁੱਧ ਵਿਆਪਕ ਸਿੱਖਿਆ ਅਤੇ ਪ੍ਰਚਾਰ ਦੀ ਮੁਹਿੰਮ ਚਲਾਵੇਗੀ ਤਾਂ ਕਿ ਬੇਰੁਜ਼ਗਾਰੀ ਦੇ ਮੂਲ ਕਾਰਣ-ਪੂੰਜੀਵਾਦ ਦੇ ਵਿਰੁੱਧ ਨੌਜਵਾਨਾਂ ਨੂੰ ਲਾਮਬੰਦ ਕੀਤਾ ਜਾ ਸਕੇ।

(5) ਸਮਾਜਿਕ ਰੂੜ੍ਹੀਆਂ ਦੇ ਵਿਰੁੱਧ ਲਗਾਤਾਰ, ਸਮਝੌਤਾ ਰਹਿਤ ਸੰਘਰਸ਼ ਕਿਸੇ ਵੀ ਦੇਸ਼ ਦੀ ਨੌਜਵਾਨ ਲਹਿਰ ਦੀ ਇੱਕ ਬੁਨਿਆਦੀ ਤੇ ਅਣਸਰਦੀ ਜਿੰਮੇਵਾਰੀ ਹੈ। ਜਾਤੀਗਤ ਅਤੇ ਧਾਰਮਿਕ-ਸਮਾਜਿਕ ਰੂੜ੍ਹੀਆਂ ਅਤੇ ਅੰਧ ਵਿਸ਼ਵਾਸ਼ ਆਮ ਜਨਤਾ ਦੇ ਲਈ ਦਿਮਾਗੀ ਗੁਲਾਮੀ ਦੀਆਂ ਬੇੜੀਆਂ ਹਨ। ਦਿਮਾਗੀ ਗੁਲਾਮੀ ਦੀਆਂ ਇਹਨਾਂ ਬੇੜੀਆਂ ਨੂੰ ਤੋੜਨ ਦੇ ਲਈ ਜੇਕਰ ਅਸੀਂ ਅੱਗੇ ਕਦਮ ਨਹੀਂ ਵਧਾਵਾਂਗੇ ਤਾਂ ਪੂੰਜੀਵਾਦ ਦੀ ਸਮਾਜਿਕ-ਆਰਥਿਕ ਗੁਲਾਮੀ ਦੇ ਖਿਲਾਫ਼ ਜਨਤਾ ਦਾ ਮੁਕਤੀ ਸੰਘਰਸ਼ ਵੀ ਅੱਗੇ ਨਹੀਂ ਵਧ ਸਕੇਗਾ। ਜਾਤੀ ਅਤੇ ਧਰਮ ਦੇ ਅਧਾਰ ਤੇ ਜਨਤਾ ਦਾ ਬਟਵਾਰਾ ਹਮੇਸ਼ਾ ਤੋਂ ਮੁੱਠੀਭਰ ਹਾਕਮ ਜਮਾਤਾਂ ਦੇ ਹੱਥ ਮਜਬੂਤ ਕਰਦਾ ਰਿਹਾ ਹੈ। ਅੰਗਰੇਜਾਂ ਨੇ ਵੀ ਇਸਦਾ ਭਰਪੂਰ ਲਾਭ ਉਠਾਇਆ ਸੀ ਅਤੇ ਵੋਟ ਬੈਂਕ ਦੀ ਸਿਆਸਤ ਕਰਨ ਵਾਲੀਆਂ ਪੂੰਜੀਵਾਦੀ ਪਾਰਟੀਆਂ ਵੀ ਅੱਜ ਬੜੇ ਪੈਮਾਨੇ ਤੇ ਅਤੇ ਸ਼ਾਤਿਰਾਨਾ ਢੰਗ ਨਾਲ ਇਹ ਗੰਦਾ ਖੇਲ੍ਹ-



ਖੇਡ ਰਹੀਆਂ ਹਨ। ਤਰਾਂ-ਤਰਾਂ ਦੇ ਧਾਰਮਿਕ ਅੰਧ ਵਿਸ਼ਵਾਸ਼ ਜਨਤਾ ਨੂੰ ਵਿਗਿਆਨਕ ਜੀਵਨ-ਨਜਰੀਆ, ਤਰਕਸ਼ਕਤੀ ਅਤੇ ਸਹੀ ਇਤਿਹਾਸ ਬੋਧ ਨਾਲ ਲੈੱਸ ਨਹੀਂ ਹੋਣ ਦਿੰਦੇ, ਉਹ ਲੋਕਾਂ ਨੂੰ ਭਾਗਵਾਦੀ ਬਣਾ ਕੇ ਉਸਦੀ ਵਿਰਾਟ ਇਤਿਹਾਸ-ਉਸਾਰੂ ਤਾਕਤ ਨੂੰ ਬੇ-ਹਰਕਤ ਬਣਾ ਦਿੰਦੇ ਹਨ। ਇਹੀ ਕਾਰਨ ਹੈ ਕਿ ਜੋ ਪੂੰਜੀਵਾਦ ਭੌਤਿਕ ਚੀਜ਼ਾਂ ਦੀ ਪੈਦਾਵਾਰ ਲਈ ਵਿਗਿਆਨ ਦੀ ਵਰਤੋਂ ਕਰਦਾ ਹੈ। ਉਹੀ ਸਿਨੇਮਾ, ਟੀ.ਵੀ., ਰੇਡਿਓ, ਇੰਟਰਨੈਟ ਆਦਿ ਉੱਨਤ ਸੰਚਾਰ-ਮਾਧਿਅਮਾਂ ਨਾਲ ਤਰਾਂ-ਤਰਾਂ ਦੀਆਂ ਰੂੜੀਆਂ ਅਤੇ ਅੰਧ ਵਿਸ਼ਵਾਸ਼ਾਂ ਦਾ ਪ੍ਰਚਾਰ ਕਰਦਾ ਹੈ ਅਤੇ ਇਸ ਤਰਾਂ ਵਿਗਿਆਨਕ ਜੀਵਨ-ਨਜਰੀਏ ਨੂੰ ਖੁੰਢਾ ਕਰਨ ਦੇ ਲਈ ਵਿਗਿਆਨ ਤੋਂ ਜਨਮੀਆਂ ਤਕਨੀਕਾਂ ਅਤੇ ਯੰਤਰਾਂ ਦਾ ਹੀ ਯੋਜਨਾਬੱਧ ਢੰਗ ਨਾਲ ਇਸਤੇਮਾਲ ਕਰਦਾ ਹੈ। ਨੌਜਵਾਨ ਭਾਰਤ ਸਭਾ ਧਾਰਮਿਕ ਅੰਧ ਵਿਸ਼ਵਾਸ਼ ਅਤੇ ਧਾਰਮਿਕ ਅਤੇ ਜਾਤੀਗਤ ਰੂੜੀਆਂ-ਮਾਨਤਾਵਾਂ ਦੇ ਖਿਲਾਫ ਲਗਾਤਾਰ ਮੁਹਿੰਮ ਚਲਾਏਗੀ। ਇਹ ਲੋਕਾਂ ਨੂੰ ਭਾਗਵਾਦ ਦੀ ਜਕੜਨ ਤੋਂ ਮੁਕਤੀ ਦਿਵਾਉਣ ਦੇ ਲਈ ਅਤੇ ਧਾਰਮਿਕ ਜਾਤੀਗਤ ਅਧਾਰ ਤੇ ਖੜੀਆਂ ਵੱਖਵਾਦ ਦੀਆਂ ਕੰਧਾਂ ਨੂੰ ਢਾਹੁਣ ਦੇ ਲਈ ਲਗਾਤਾਰ ਯਤਨਸ਼ੀਲ ਰਹੇਗੀ। ਇਹ ਪੂੰਜੀਵਾਦੀ ਸੰਚਾਰ-ਮਾਧਿਅਮਾਂ ਦੁਆਰਾ ਰੂੜੀਆਂ ਅਤੇ ਅੰਧਵਿਸ਼ਵਾਸ਼ਾਂ ਦੇ ਪ੍ਰਚਾਰ ਦੀਆਂ ਸਾਜਿਸ਼ਾਂ ਦਾ ਹਰ ਸੰਭਵ ਤਰੀਕੇ ਨਾਲ ਭਾਂਡਾ ਭੰਨੇਗੀ। ਤਰਾਂ-ਤਰਾਂ ਦੇ ਸਮਾਜਿਕ ਪ੍ਰੋਗਰਾਮਾਂ ਤੋਂ ਬਿਨਾਂ ਨੌਜਵਾਨ ਭਾਰਤ ਸਭਾ ਦੇ ਮੈਂਬਰ ਆਪਣੇ ਜੀਵਨ ਅਤੇ ਆਚਰਣ ਤੋਂ ਅੰਧਵਿਸ਼ਵਾਸ਼ਾਂ ਅਤੇ ਜਾਤੀਵਾਦ ਦਾ ਵਿਰੋਧ ਕਰਦੇ ਹੋਏ ਵਿਗਿਆਨਕ ਜੀਵਨ-ਨਜਰੀਏ ਦੀ ਨਜੀਰ ਪੇਸ਼ ਕਰਨ ਦੀ ਹਰ ਮੁਮਕਿਨ ਕੋਸ਼ਿਸ਼ ਕਰਨਗੇ।

(6) **'ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੇ ਤਿੱਖੀ ਹੁੰਦੀ ਹੈ'**—ਭਗਤ ਸਿੰਘ ਦਾ ਇਹ ਕਥਨ ਸਾਡੇ ਲਈ ਇੱਕ ਰਾਹ ਦਰਸਾਊ ਫਾਰਮੂਲਾ ਹੈ। ਨੌਜਵਾਨ ਭਾਰਤ ਸਭਾ ਲਾਈਬ੍ਰੇਰੀਆਂ, ਅਧਿਐਨ ਮੰਡਲਾਂ, ਪ੍ਰਚਾਰ ਅਭਿਆਨਾਂ, ਪਰਚਿਆਂ-ਪੈਂਫਲਟਾਂ, ਮੈਗਜ਼ੀਨਾਂ-ਕਿਤਾਬਾਂ ਅਤੇ ਤਰਾਂ-ਤਰਾਂ ਦੇ ਸੱਭਿਆਚਾਰਕ ਅਦਾਰਿਆਂ ਦੇ ਰਾਹੀਂ ਨੌਜਵਾਨਾਂ ਦੇ ਵਿਚਕਾਰ ਇੱਕ ਨਵੇਂ ਇਨਕਲਾਬੀ ਪ੍ਰਬੋਧਨ ਦੀ ਮੁਹਿੰਮ ਪੈਦਾ ਕਰੇਗੀ, ਉਹਨਾਂ ਨੂੰ ਵਿਗਿਆਨਕ ਜੀਵਨ-ਨਜ਼ਰੀਏ ਅਤੇ ਇਤਿਹਾਸ ਬੋਧ ਨਾਲ ਲੈੱਸ ਕਰੇਗੀ, ਪੂੰਜੀਵਾਦੀ ਪੈਦਾਵਾਰ, ਰਾਜਭਾਗ ਅਤੇ ਸਮਾਜ ਦੇ ਢਾਂਚੇ ਨੂੰ ਸਮਝਣ ਵਿੱਚ ਉਹਨਾਂ ਨੂੰ ਸਮਰੱਥ ਬਣਾਵੇਗੀ ਅਤੇ ਇਹ ਸਮਝਦਾਰੀ ਦੇਵੇਗੀ ਕਿ ਇਸ ਪ੍ਰਬੰਧ ਨੂੰ ਨਸ਼ਟ ਕਰਕੇ ਇਸਦਾ ਇਨਕਲਾਬੀ ਬਦਲ ਕਿਸ ਤਰਾਂ ਉਸਾਰਿਆ ਜਾ ਸਕਦਾ ਹੈ। ਨੌਜਵਾਨ ਭਾਰਤ ਸਭਾ ਪੂੰਜੀਵਾਦੀ ਜੀਵਨ-ਮੁੱਲਾਂ ਅਤੇ ਸੱਭਿਆਚਾਰ ਦੀ ਮਨੁੱਖ-ਦੋਖੀ ਅਸਲੀਅਤ ਨੂੰ ਉਜਾਗਰ ਕਰਦੇ ਹੋਏ ਸਮਾਜਵਾਦੀ ਜੀਵਨ ਮੁੱਲਾਂ ਅਤੇ ਸੱਭਿਆਚਾਰ ਦਾ ਲਗਾਤਾਰ ਪ੍ਰਚਾਰ-ਪ੍ਰਸਾਰ ਕਰੇਗੀ। ਇੱਕ ਵਿਚਾਰਕ-ਸੱਭਿਆਚਾਰਕ ਇਨਕਲਾਬ ਦੀ ਲਹਿਰ ਪੈਦਾ ਕੀਤੇ ਬਿਨਾਂ ਕਿਸੇ ਬੁਨਿਆਦੀ ਤਬਦੀਲੀ ਵਾਲੇ ਇਨਕਲਾਬ ਦੀ ਕਲਪਣਾ ਵੀ ਨਹੀਂ

ਕੀਤੀ ਜਾ ਸਕਦੀ। ਨੌਜਵਾਨ ਭਾਰਤ ਸਭਾ ਇਨਕਲਾਬਾਂ ਦੇ ਇਤਿਹਾਸ ਅਤੇ ਇਨਕਲਾਬੀ ਵਿਚਾਰਾਂ ਦੀ ਵਿਰਾਸਤ ਤੋਂ ਨੌਜਵਾਨਾਂ ਨੂੰ ਜਾਣੂ ਕਰਵਾਏਗੀ ਅਤੇ ਫਿਰ ਇਸ ਵਿਚਾਰ-ਸੰਪਦਾ ਨੂੰ ਮਿਹਨਤਕਸ਼ ਲੋਕਾਂ ਦੇ ਵਿੱਚ ਲੈ ਕੇ ਜਾਣ ਲਈ ਉਹਨਾਂ ਨੂੰ ਸੱਦਾ ਦੇਵੇਗੀ। ਅੱਜ ਦੇ ਬੱਚੇ ਹੀ ਕੱਲ੍ਹ ਦੇ ਨੌਜਵਾਨ ਹਨ। ਇਸ ਲਈ ਨੌਜਵਾਨ ਭਾਰਤ ਸਭਾ ਬੱਚਿਆਂ ਦੇ ਮੋਰਚੇ ਤੇ ਕੰਮ ਕਰਨਾ ਵੀ ਆਪਣੀ ਮੱਹਤਵਪੂਰਣ ਜਿੰਮੇਵਾਰੀ ਸਮਝਦੀ ਹੈ। ਵਰਤਮਾਨ ਸਿੱਖਿਆ ਪ੍ਰਣਾਲੀ, ਸਿਨੇਮਾ-ਟੀ.ਵੀ. ਅਤੇ ਬਜਾਰੂ ਬਾਲ-ਸਾਹਿਤ ਅੱਜ ਬੱਚਿਆਂ ਦੇ ਮਨਾਂ ਨੂੰ ਵਿਗਿਆਨਕ-ਨਜ਼ਰੀਆ ਦੇਣ ਦੀ ਬਜਾਇ ਉਸ ਨੂੰ ਰੋਗੀ ਅਤੇ ਖੁੰਢਾ ਕਰ ਰਹੇ ਹਨ। ਆਪਣੇ ਸੱਭਿਆਚਾਰਕ-ਸਮਾਜਿਕ ਪ੍ਰੋਗਰਾਮਾਂ, ਬਾਲ-ਲਾਈਬ੍ਰੇਰੀਆਂ, ਬਾਲ-ਸਭਾਵਾਂ ਦੇ ਗਠਨ, ਵਰਕਸ਼ਾਪਾਂ ਅਤੇ ਬਾਲ-ਸਿੱਖਿਆ ਦੇ ਪ੍ਰੋਗਰਾਮਾਂ ਦੇ ਜਰੀਏ ਨੌਜਵਾਨ ਭਾਰਤ ਸਭਾ ਬੱਚਿਆਂ ਨੂੰ ਰੂੜੀਆਂ-ਅੰਧਵਿਸ਼ਵਾਸ਼ਾਂ ਤੋਂ ਮੁਕਤ ਕਰਨ ਅਤੇ ਉਹਨਾਂ ਨੂੰ ਵਿਗਿਆਨਕ ਜੀਵਨ ਨਜ਼ਰੀਆ ਦੇਣ ਦੇ ਲਈ ਯਤਨ ਕਰੇਗੀ।

(7) ਨੌਜਵਾਨ ਭਾਰਤ ਸਭਾ ਸਾਰੀਆਂ ਪੂੰਜੀਵਾਦੀ ਪਾਰਟੀਆਂ ਅਤੇ ਮਿਹਨਤਕਸ਼ਾਂ ਦਾ ਨਕਲੀ ਪੈਗੰਬਰ ਬਣੀਆਂ ਹੋਈਆਂ ਸੰਸਦੀ ਖੱਬੇ ਪੱਖੀ ਪਾਰਟੀਆਂ ਦੇ ਲੋਕ-ਵਿਰੋਧੀ ਚਰਿੱਤਰ ਨੂੰ ਉਜਾਗਰ ਕਰਦੀ ਰਹੇਗੀ। ਨੌਜਵਾਨਾਂ ਨੂੰ ਇਹਨਾਂ ਦਾ ਪਿਛਲੱਗੂ ਬਨਣ ਤੋਂ ਸੁਚੇਤ ਕਰਦੀ ਰਹੇਗੀ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੰਦੀ ਰਹੇਗੀ ਕਿ ਉਹ ਇਹਨਾਂ ਦੇ ਝਾਂਸੇ ਵਿੱਚ ਨਾ ਆਵੇ। ਨੌਜਵਾਨ ਭਾਰਤ ਸਭਾ ਪੂੰਜੀਵਾਦੀ ਸੰਸਦੀ ਜਮਹੂਰੀਅਤ ਦਾ ਪਰਦਾਫਾਸ਼ ਕਰਦੇ ਹੋਏ ਆਮ ਮਿਹਨਤਕਸ਼ ਅਤੇ ਮੱਧਵਰਗੀ ਅਬਾਦੀ ਦੇ ਵਿਚਕਾਰ ਪ੍ਰਚਾਰਾਤਮਕ ਕਾਰਵਾਈਆਂ ਦੇ ਰਾਹੀਂ ਲਗਾਤਾਰ ਇਹ ਦੱਸੇਗੀ ਕਿ ਇਹ ਜਮਹੂਰੀਅਤ ਅਸਲ ਵਿਚ ਇੱਕ ਦਮਨਕਾਰੀ-ਧਨਤੰਤਰ ਹੈ-ਇਹ ਉੱਪਰਲੀ 20 ਫੀਸਦੀ ਲੁਟੇਰੀ ਅਤੇ ਪਰਜੀਵੀ ਅਬਾਦੀ ਦੇ ਲਈ ਜਮਹੂਰੀਅਤ ਹੈ ਅਤੇ ਬਾਕੀ 80 ਫੀਸਦੀ ਅਬਾਦੀ ਦੇ ਲਈ ਕਰੂਰ-ਆਪਹੁਦਰੀ-ਨਿਰੰਕੁਸ਼ ਤਾਨਾਸ਼ਾਹੀ ਹੈ। ਪੂੰਜੀਵਾਦੀ ਚੁਣਾਵੀ ਸਿਆਸਤ ਦੇ ਸਾਰੇ ਧੋਖੇ-ਫਰੇਬ ਨੂੰ ਉਜਾਗਰ ਕਰਦੇ ਹੋਏ ਨੌਜਵਾਨ ਭਾਰਤ ਸਭਾ ਧਾਰਮਿਕ ਕੱਟੜਪੰਥੀ ਤਾਕਤਾਂ ਦੀ ਫਾਸਿਸਟ ਸਿਆਸਤ ਦੇ ਵਿਰੁੱਧ ਹਰ ਪੱਧਰ ਤੇ ਸੰਘਰਸ਼ ਕਰੇਗੀ ਜਿਹਨਾਂ ਨੇ ਪੂੰਜੀਵਾਦੀ ਪ੍ਰਬੰਧ ਦੇ ਢਾਂਚਾਗਤ ਸੰਕਟ ਦੇ ਦੌਰ ਵਿੱਚ ਵਿਨਾਸ਼ਕਾਰੀ ਸ਼ਕਲ ਅਖਤਿਆਰ ਕਰ ਲਈ ਹੈ। ਜੋ ਲੋਕਾਂ ਵਿਚਕਾਰ ਮੌਜੂਦ ਧਾਰਮਿਕ ਰੂੜੀਆਂ ਦਾ ਲਾਭ ਉਠਾ ਕੇ ਮੌਤ ਦਾ ਤਾਂਡਵ ਰਚਦੀਆਂ ਹਨ ਅਤੇ ਫਿਰ ਲਾਸ਼ਾਂ ਦੇ ਸੇਕ ਤੇ ਆਪਣੀਆਂ ਚੁਣਾਵੀ ਰੋਟੀਆਂ ਸੇਕਦੀਆਂ ਰਹਿੰਦੀਆਂ ਹਨ। ਦੂਜੀਆਂ ਵੋਟ-ਬਟੋਰੂ ਪਾਰਟੀਆਂ ਜੋ ਇਹਨਾਂ ਦੇ ਵਿਰੋਧ ਦਾ ਦਮ ਭਰਦੀਆਂ ਹਨ, ਉਹ ਵੀ ਵੋਟ-ਬੈਂਕ ਦੀ ਸਿਆਸਤ ਦੇ ਲਈ ਜਾਤੀ-ਧਰਮ ਦੀ ਵਰਤੋਂ ਕਰਦੀਆਂ ਹਨ ਅਤੇ ਬਦਲੇ ਰੂਪ ਵਿੱਚ ਫਿਰਕੂ ਫਾਸ਼ੀਵਾਦ ਨੂੰ ਖਾਦ-ਪਾਣੀ ਦੇਣ ਦਾ ਕੰਮ ਕਰਦੀਆਂ ਹਨ। ਨੌਜਵਾਨ ਭਾਰਤ ਸਭਾ ਵਿਆਪਕ ਜਨਸਮੂਹਾਂ ਨੂੰ ਇਸ ਸੱਚਾਈ ਤੋਂ ਜਾਣੂ ਕਰਵਾਉਣ ਦੀ ਹਰ ਕੋਸ਼ਿਸ਼



ਕਰੇਗੀ ਕਿ ਫਿਰਕੂ ਫਾਸੀਵਾਦੀ ਤਾਕਤਾਂ ਨੂੰ ਕਿਸੇ ਵੀ ਪੂੰਜੀਵਾਦੀ ਪਾਰਟੀ ਜਾਂ ਵੋਟ-ਬਟੋਰੂ ਖੱਬੇ ਪੱਖੀਆਂ ਦੁਆਰਾ ਵੋਟ-ਸਿਆਸਤ ਦੇ ਅਖਾੜੇ ਵਿੱਚ ਹਾਰ ਦੇ ਕੇ ਖਤਮ ਨਹੀਂ ਕੀਤਾ ਜਾ ਸਕਦਾ। ਕੇਵਲ ਵਿਆਪਕ ਜਨਤਾ ਦੀ ਜੁਝਾਰੂ ਇੱਕਜੁਟੱਤਾ ਅਤੇ ਇਨਕਲਾਬੀ ਲੋਕ ਸੰਘਰਸ਼ਾਂ ਦੀ ਪ੍ਰਕਿਰਿਆ ਹੀ ਇਹਨਾਂ ਨੂੰ ਅਸਲ ਵਿੱਚ ਪਿਛੇ ਧੱਕ ਸਕਦੀ ਹੈ ਅਤੇ ਫਿਰ ਕਬਰ ਤੱਕ ਪਹੁੰਚਾ ਸਕਦੀ ਹੈ। ਨੌਜਵਾਨ ਭਾਰਤ ਸਭਾ 'ਸਰਵ ਧਰਮ ਸਮਭਾਵ' ਦੇ ਧੋਖੇ ਨੂੰ ਉਜਾਗਰ ਕਰਦੇ ਹੋਏ ਅਮਲੀ ਧਰਮ ਨਿਰਪੱਖਤਾ ਦੇ ਮੁੱਲਾਂ ਦਾ ਪ੍ਰਚਾਰ ਪ੍ਰਸਾਰ ਕਰੇਗੀ ਅਤੇ ਲੋਕਾਂ ਵਿਚਕਾਰ ਇਹ ਸਪਸ਼ੱਟ ਕਰੇਗੀ ਕਿ ਧਾਰਮਿਕ ਵਿਸ਼ਵਾਸ ਜਾਂ ਨਾਸਤਿਕਤਾ ਨੂੰ ਹਰ ਨਾਗਰਿਕ ਦਾ ਨਿੱਜੀ ਮਾਮਲਾ ਮੰਨਦੇ ਹੋਏ ਧਰਮ ਨੂੰ ਸਿਆਸੀ-ਸਮਾਜਿਕ ਜੀਵਨ ਤੋਂ ਪੂਰੀ ਤਰਾਂ ਅਲੱਗ ਕਰਨਾ ਹੀ ਅਸਲੀ ਧਰਮ ਨਿਰਪੱਖਤਾ ਹੈ।

(8) ਕੋਈ ਵੀ ਨੌਜਵਾਨ ਇਨਕਲਾਬੀ ਹੈ ਜਾਂ ਨਹੀਂ ਇਸਦੀ ਇੱਕਮਾਤਰ ਕਸੌਟੀ ਇਹੀ ਹੈ ਕਿ ਉਹ ਆਮ ਮਿਹਨਤਕਸ਼ ਜਨਤਾ ਦੇ ਨਾਲ ਪੂਰੀ ਤਰਾਂ ਘੁਲ਼-ਮਿਲ ਜਾਂਦਾ ਹੈ ਜਾਂ ਨਹੀਂ, ਉਸਦੇ ਜੀਵਨ ਅਤੇ ਸੰਘਰਸ਼ਾਂ ਦੇ ਨਾਲ ਪੂਰੀ ਤਰਾਂ ਜੁੜ ਜਾਂਦਾ ਹੈ ਜਾਂ ਨਹੀਂ। ਨੌਜਵਾਨ ਭਾਰਤ ਸਭਾ ਦੇ ਮੈਂਬਰ ਸਾਦਾ ਅਤੇ ਸਖਤ ਮਿਹਨਤੀ ਜੀਵਨ ਬਿਤਾਉਂਦੇ ਹੋਏ ਵਿਆਪਕ ਮਿਹਨਤਕਸ਼ ਅਬਾਦੀ ਨਾਲ ਇੱਕਜੁੱਟਤਾ ਕਾਇਮ ਕਰਨਗੇ ਅਤੇ ਦੇਸ਼ ਦੇ ਨੌਜਵਾਨਾਂ ਸਾਹਮਣੇ ਪ੍ਰੇਰਣਾਮਈ ਉਦਾਹਰਣ ਪੇਸ਼ ਕਰਨਗੇ। ਉਹ ਆਪਣੇ ਨਿੱਜੀ ਅਤੇ ਸਿਆਸੀ ਰੁਝੇਵਿਆਂ ਤੋਂ ਸਮਾਂ ਕੱਢ ਕੇ ਪੈਦਾਵਾਰੀ ਸਰਗਰਮੀਆਂ ਵਿੱਚ ਵੀ ਹਿੱਸੇਦਾਰੀ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਮਿਹਨਤਕਸ਼ ਲੋਕ ਸਮੂਹਾਂ ਦੇ ਵਿਚਕਾਰ ਵੱਖੋ-ਵੱਖਰੀਆਂ ਸਿੱਖਿਅਕ-ਸੱਭਿਆਚਾਰਕ ਸਰਗਰਮੀਆਂ ਰਾਹੀਂ ਉਹਨਾਂ ਦੀ ਚੇਤਨਾ ਦਾ ਪੱਧਰ ਉੱਪਰ ਚੁੱਕਣ ਦੀ ਲਗਾਤਾਰ ਕੋਸ਼ਿਸ਼ ਕਰਨਗੇ ਅਤੇ ਉਹਨਾਂ ਦੇ ਨਿੱਤ-ਦਿਨ ਦੇ ਜੀਵਨ ਅਤੇ ਸੰਘਰਸ਼ਾਂ ਵਿੱਚ ਸਰਗਰਮ ਹਿੱਸੇਦਾਰੀ ਕਰਨਗੇ। ਉਹ ਆਮ ਜਨਤਾ ਨੂੰ ਸਿਖਾਉਣ ਤੋਂ ਪਹਿਲਾਂ ਉਸ ਤੋਂ ਸਿੱਖਣਗੇ ਅਤੇ **'ਲੋਕਾਂ ਦੀ ਸੇਵਾ ਕਰੋ'** ਦੇ ਫਾਰਮੂਲੇ ਤੇ ਸੱਚੇ ਦਿਲ ਨਾਲ ਅਮਲ ਕਰਨਗੇ। ਆਮ ਲੋਕਾਂ ਅਤੇ ਪੈਦਾਵਾਰੀ ਸਰਗਰਮੀਆਂ ਦੇ ਵਿਚਕਾਰ ਜਾ ਕੇ ਨੌਜਵਾਨ ਭਾਰਤ ਸਭਾ ਦੇ ਸਿਪਾਹੀ ਉਸ ਸਮਾਜ ਦਾ ਬਰੀਕੀ ਨਾਲ ਅਧਿਐਨ ਕਰਨਗੇ ਜਿਸ ਨੂੰ ਬਦਲਣਾ ਉਹਨਾਂ ਦਾ ਟੀਚਾ ਹੈ, ਕਿਉਂਕਿ ਚੀਜ਼ਾਂ ਨੂੰ ਬਦਲਣ ਦੇ ਲਈ ਉਹਨਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ ਅਤੇ ਚੀਜ਼ਾਂ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਖ਼ੁਦ ਨੂੰ ਬਦਲਣਾ ਹੁੰਦਾ ਹੈ।

(9) ਕਿਸੇ ਵੀ ਪ੍ਰਬੰਧ ਵਿੱਚ ਹੁਕਮਰਾਨ ਜਮਾਤ ਦਾ ਸੱਭਿਆਚਾਰ ਹੀ ਪੂਰੇ ਸਮਾਜ ਤੇ ਭਾਰੂ ਹੁੰਦਾ ਹੈ ਅਤੇ ਸਮਾਜਿਕ ਸੰਸਥਾਵਾਂ ਅਤੇ ਸਿੱਖਿਆ ਢਾਂਚੇ ਤੇ ਵੀ ਹਾਕਮ-ਜਮਾਤ ਦਾ ਵਿਚਾਰਕ-ਸਿਆਸੀ ਗਲਬਾ ਹੁੰਦਾ ਹੈ। ਪੂਰੇ ਸਮਾਜਿਕ-ਆਰਥਿਕ ਢਾਂਚੇ ਨੂੰ ਉਦੋਂ ਹੀ ਬਦਲਿਆ ਜਾ ਸਕਦਾ ਹੈ, ਜਦੋਂ ਹਾਕਮ-ਜਮਾਤ ਦੀ ਸੱਤ੍ਹਾ ਨੂੰ ਢਹਿ-ਢੇਰੀ ਕਰਕੇ ਮਿਹਨਤਕਸ਼ ਜਨਤਾ ਆਪਣੀ ਰਾਜ-ਸੱਤ੍ਹਾ ਸਥਾਪਤ ਕਰ ਲਵੇ।

ਵੱਖੋ-ਵੱਖਰੇ ਸਿੱਖਿਆ-ਸੱਭਿਆਚਾਰਕ ਅਦਾਰਿਆਂ ਅਤੇ ਸਮਾਜਿਕ ਰਚਨਾਤਮਕ ਕੰਮਾਂ ਦੇ ਰਾਹੀਂ ਸਮਾਜ ਨੂੰ ਬਦਲ ਦੇਣ ਦੀ ਸੋਚ ਇੱਕ ਸੁਧਾਰਵਾਦੀ ਨਜ਼ਰੀਆ ਹੈ, ਜਿਸਦਾ ਪ੍ਰਚਾਰ ਪੂੰਜੀਵਾਦੀ ਬੁੱਧੀਜੀਵੀ ਹਮੇਸ਼ਾ ਤੋਂ ਕਰਦੇ ਰਹੇ ਹਨ। ਨੌਜਵਾਨ ਭਾਰਤ ਸਭਾ ਇਸ ਸੁਧਾਰਵਾਦੀ ਨਜ਼ਰੀਏ ਨੂੰ ਪੂਰੀ ਤਰਾਂ ਤੋਂ ਖਾਰਜ ਕਰਦੀ ਹੈ, ਪਰ ਸਿਆਸੀ ਸੰਘਰਸ਼ ਦੇ ਲਈ ਆਮ ਲੋਕਾਂ ਨੂੰ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਸਮਾਜਿਕ-ਸੱਭਿਆਚਾਰਕ-ਸਿੱਖਿਅਕ ਰਚਨਾਤਮਕ ਕੰਮਾਂ ਦੀ ਭੂਮਿਕਾ ਨੂੰ ਅਤੇ ਇਹਨਾਂ ਖੇਤਰਾਂ ਵਿੱਚ ਬਦਲ ਪੇਸ਼ ਕਰਦੀਆਂ ਸੰਸਥਾਵਾਂ ਖੜੀਆਂ ਕਰਨ ਦੇ ਅਦਾਰਿਆਂ ਨੂੰ ਉਹ ਅੱਤ-ਜ਼ਰੂਰੀ ਮੰਨਦੀ ਹੈ। ਇਹਨਾਂ ਯਤਨਾਂ ਰਾਹੀਂ ਨੌਜਵਾਨ ਵਰਗ ਵਿਆਪਕ ਲੋਕਾਂ ਨਾਲ ਇੱਕਜੁੱਟਤਾ ਕਾਇਮ ਕਰਦਾ ਹੈ, ਉਸਦਾ ਵਿਸ਼ਵਾਸ਼ ਜਿੱਤਦਾ ਹੈ, ਲੋਕਾਂ ਦੀ ਪਹਿਲਕਦਮੀ ਜਗਾਉਂਦਾ ਹੈ ਅਤੇ ਲੋਕਾਂ ਦੇ ਸਾਹਮਣੇ ਆਉਣ ਵਾਲੇ ਸਮਾਜ ਦੀ ਸਿੱਖਿਆ, ਸੱਭਿਆਚਾਰ ਅਤੇ ਸਮਾਜਿਕ ਸੰਸਥਾਵਾਂ ਦੀ ਇੱਕ ਆਮ ਤਸਵੀਰ ਪੇਸ਼ ਕਰਦਾ ਹੈ। ਨੌਜਵਾਨ ਭਾਰਤ ਸਭਾ ਸ਼ਹਿਰਾਂ ਅਤੇ ਪਿੰਡਾਂ ਦੀ ਗਰੀਬ ਮਿਹਨਤਕਸ਼ ਅਬਾਦੀ ਦੇ ਵਿੱਚਕਾਰ ਬਾਲ ਸਿੱਖਿਆ ਦੀਆਂ ਸੰਸਥਾਵਾਂ ਖੜ੍ਹੀਆਂ ਕਰੇਗੀ, ਵੱਖੋ-ਵੱਖਰੇ ਸੱਭਿਆਚਾਰਕ ਪ੍ਰੋਗਰਾਮ ਕਰੇਗੀ, ਸੱਭਿਆਚਾਰਕ ਮੁਹਿੰਮਾਂ ਚਲਾਏਗੀ, ਮਿਹਨਤਕਸ਼ ਲੋਕਾਂ ਦੀਆਂ ਸੱਭਿਆਚਾਰਕ ਟੋਲੀਆਂ ਜਥੇਬੰਦ ਕਰੇਗੀ। ਸਹਿਯੋਗੀ ਡਾਕਟਰਾਂ ਅਤੇ ਮੈਡੀਕਲ ਵਿਦਿਆਰਥੀਆਂ ਦੀ ਸਹਾਇਤਾ ਨਾਲ ਸਿਹਤ ਅਤੇ ਮੈਡੀਕਲ ਕੈਂਪਾਂ ਨੂੰ ਅਤੇ ਲੋਕ ਸਿਹਤ ਸਿੱਖਿਆ ਮਹਿੰਮ ਨੂੰ ਜਥੇਬੰਦ ਕਰੇਗੀ, ਲਾਇਬ੍ਰੇਰੀਆਂ ਦੀ ਸਥਾਪਨਾ ਕਰੇਗੀ, ਸ਼ਰਾਬਖੋਰੀ, ਦਹੇਜ ਪ੍ਰਥਾ, ਜਾਤ-ਪਾਤ, ਛੂਤ-ਛਾਤ ਅਤੇ ਸਾਰੀਆਂ ਸਮਾਜਿਕ ਕੁਰੀਤੀਆਂ ਦੇ ਖਿਲਾਫ਼ ਵਿਆਪਕ ਪ੍ਰਚਾਰ ਮਹਿੰਮ ਚਲਾਏਗੀ, ਸਮੇਂ-ਸਮੇਂ ਤੇ ਸਫਾਈ ਮੁਹਿੰਮ ਚਲਾਏਗੀ ਅਤੇ ਤਰਾਂ-ਤਰਾਂ ਦੇ ਰਚਨਾਤਮਕ ਪ੍ਰੋਗਰਾਮ ਆਯੋਜਿਤ ਕਰੇਗੀ।

(10) ਨੌਜਵਾਨ ਭਾਰਤ ਸਭਾ ਔਰਤ-ਮਰਦ ਅਸਮਾਨਤਾ, ਇਸਤਰੀਆਂ ਨਾਲ ਹੁੰਦੇ ਧੱਕੇ, ਘਰੇਲੂ ਗੁਲਾਮੀ ਅਤੇ ਮਰਦ ਪ੍ਰਧਾਨਤਾ ਦੇ ਸੱਭਿਆਚਾਰ ਦੇ ਵਿਰੁੱਧ ਲਗਾਤਾਰ, ਪੁਰਜੋਰ ਢੰਗ ਨਾਲ ਪ੍ਰਚਾਰ ਮੁਹਿੰਮ ਚਲਾਏਗੀ ਕਿਉਂਕਿ ਔਰਤਾਂ ਦੀ ਅੱਧੀ ਅਬਾਦੀ ਦੀ ਪਹਿਲਕਦਮੀ ਜਾਗਰਿਤ ਕੀਤੇ ਬਿਨਾਂ ਸਮਾਜਿਕ ਜੀਵਨ ਵਿੱਚ ਉਹਨਾਂ ਦੀ ਸਰਗਰਮ ਹਿੱਸੇਦਾਰੀ ਤੋਂ ਬਿਨਾਂ ਕੋਈ ਵੀ ਲੋਕ-ਮੁਕਤੀ ਸੰਘਰਸ਼ ਜਿੱਤ ਦੇ ਮੁਕਾਮ ਤੇ ਨਹੀਂ ਪਹੁੰਚ ਸਕਦਾ। ਔਰਤਾਂ ਦੀ ਮੁਕਤੀ ਦੇ ਲਈ ਸੰਘਰਸ਼ ਕੀਤੇ ਬਿਨਾਂ ਪੂੰਜੀਵਾਦ ਦੇ ਖਿਲਾਫ ਸੰਘਰਸ਼ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ ਅਤੇ ਪੂੰਜੀਵਾਦ ਦੀਆਂ ਬੇੜੀਆਂ ਤੋਂ ਮੁਕਤ ਕੀਤੇ ਬਿਨਾਂ ਔਰਤਾਂ ਦੀ ਮੁਕਤੀ ਵੀ ਪੂਰੀ ਤਰਾਂ ਸੰਭਵ ਨਹੀਂ। ਨੌਜਵਾਨ ਭਾਰਤ ਸਭਾ ਆਪਣੀਆਂ ਸਾਰੀਆਂ ਸਰਗਰਮੀਆਂ ਵਿੱਚ ਨੌਜਵਾਨ ਔਰਤਾਂ ਦੀ ਜ਼ਿਆਦਾ ਤੋਂ ਜ਼ਿਆਦਾ ਹਿੱਸੇਦਾਰੀ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਉਹ ਇਸਤਰੀਆਂ ਨੂੰ ਦਬਾ ਕੇ ਰੱਖਣ ਵਾਲੀਆਂ ਸਾਰੀਆਂ ਧਾਰਮਿਕ ਕੁਰੀਤੀਆਂ, ਜਾਤੀਗਤ ਰੂੜ੍ਹੀਆਂ,



ਪੁਰਾਤਨ ਪੰਥੀ ਸਮਾਜਿਕ ਰੀਤੀ-ਰਿਵਾਜਾਂ ਅਤੇ ਦਹੇਜ ਪ੍ਰਥਾ ਵਰਗੀਆਂ ਵਹਿਸ਼ੀ ਸੰਸਥਾਵਾਂ ਦਾ ਪੁਰਜੋਰ ਵਿਰੋਧ ਕਰਨ ਦੇ ਲਈ ਨੌਜਵਾਨਾਂ ਨੂੰ ਲਾਮਬੰਦ ਕਰੇਗੀ, ਕਾਨੂੰਨ ਵਿਵਸਥਾ ਦੇ ਔਰਤ ਵਿਰੋਧੀ ਚਰਿੱਤਰ ਦੇ ਵਿਰੁੱਧ ਲਗਾਤਾਰ ਅਵਾਜ ਬੁਲੰਦ ਕਰੇਗੀ ਅਤੇ ਔਰਤਾਂ ਤੇ ਜਬਰ ਦੀਆਂ ਘਟਨਾਵਾਂ ਦੇ ਵਿਰੁੱਧ ਡਟ ਕੇ ਮੋਰਚਾ ਲਾਵੇਗੀ।

(11) ਨੌਜਵਾਨ ਭਾਰਤ ਸਭਾ ਅੰਗ੍ਰੇਜੀ ਭਾਸ਼ਾ ਦੀ ਬਸਤੀਵਾਦੀ ਵਿਰਾਸਤ ਦੇ ਵਿਰੁੱਧ ਅਤੇ ਅੰਗਰੇਜੀਅਤ ਦੇ ਲੋਕ ਵਿਰੋਧੀ ਕੁਲੀਨ ਸੱਭਿਆਚਾਰ ਵਿਰੁੱਧ ਲਗਾਤਾਰ ਸੰਘਰਸ਼ ਕਰੇਗੀ। ਉਹ ਸਿੱਖਿਆ, ਸਾਸ਼ਨ ਅਤੇ ਨਿਆਪਾਲਿਕਾ ਦੇ ਕੰਮ ਭਾਰਤੀ ਭਾਸ਼ਾਵਾਂ ਦੇ ਮਾਧਿਅਮ 'ਚ ਕਰਨ ਦੇ ਲਈ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਸਮਾਨ ਦਰਜਾ ਦਿੱਤੇ ਜਾਣ ਦੇ ਲਈ ਸੰਘਰਸ਼ ਕਰੇਗੀ।

(9) ਨੌਜਵਾਨ ਭਾਰਤ ਸਭਾ ਦੇਸ਼ ਦੀਆਂ ਵੱਖ-ਵੱਖ ਕੌਮੀਅਤਾਂ 'ਤੇ ਜਬਰ ਦਾ ਵਿਰੋਧ ਕਰਦੀ ਹੈ, ਉਹਨਾਂ ਦੇ ਵਾਜਬ ਸੰਘਰਸ਼ਾਂ ਦਾ ਸਮਰਥਨ ਕਰਦੀ ਹੈ ਅਤੇ ਉਹਨਾਂ ਨੇ ਆਤਮ ਨਿਰਣੇ ਦੇ ਜਮਹੂਰੀ ਅਧਿਕਾਰ ਨੂੰ ਪੂਰੀ ਤਰ੍ਹਾਂ ਵਾਜਬ ਮੰਨਦੀ ਹੈ। ਨਾਲ ਹੀ ਉਹ ਭਾਸ਼ਾਈ ਜਾਂ ਖੇਤਰੀ ਅਧਾਰ ਤੇ ਜਨਤਾ ਨੂੰ ਅਤੇ ਉਸਦੇ ਸੰਘਰਸ਼ਾਂ ਨੂੰ ਵੰਡਣ ਦੀ ਹਰ ਸਾਜਿਸ਼ ਦਾ ਪੁਰਜ਼ੋਰ ਵਿਰੋਧ ਕਰਦੀ ਹੈ ਅਤੇ ਨੌਜਵਾਨਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਦੇਸ਼ ਵਿਆਪੀ ਇੱਕਜੁੱਟਤਾ ਨੂੰ ਫੌਲਾਦੀ ਬਨਾਉਣ ਦੇ ਨਾਲ ਹੀ ਵਿਆਪਕ ਮਿਹਨਤਕਸ਼ ਲੋਕਾਂ ਨੂੰ ਭਾਸ਼ਾਈ ਜਾਂ ਖੇਤਰੀ ਸੌੜੇ ਬਟਵਾਰੇ ਦੀ ਮਾਨਸਿਕਤਾ ਤੋਂ ਮੁਕਤ ਕਰਨ ਦੇ ਲਈ ਹਰ ਸੰਭਵ ਕੋਸ਼ਿਸ਼ ਕਰਨ।

(13) ਜ਼ਿੰਦਗੀ ਨੂੰ ਬੇਇੰਤਹਾ ਪਿਆਰ ਕਰਨ ਵਾਲੇ ਲੋਕ ਹੀ ਬਿਹਤਰ ਜ਼ਿੰਦਗੀ ਦਾ ਸੁਪਨਾ ਦੇਖ ਸਕਦੇ ਹਨ ਅਤੇ ਫਿਰ ਉਸਨੂੰ ਸਾਕਾਰ ਕਰਨ ਦੇ ਲਈ ਹਰ ਤਰਾਂ ਦੀ ਕੁਰਬਾਨੀ ਦੇ ਸਕਦੇ ਹਨ। ਸਮਾਜਿਕ ਇਨਕਲਾਬ ਦੇ ਨੌਜਵਾਨ ਸਿਪਾਹੀਆਂ ਲਈ ਜਰੂਰੀ ਹੈ ਕਿ ਉਹ ਸਰੀਰਕ ਅਤੇ ਮਾਨਸਿਕ ਰੂਪ ਤੋਂ ਸਿਹਤਮੰਦ ਹੋਣ, ਲੋਹ-ਅਨੁਸ਼ਾਸਨ ਅਤੇ ਅਟੁੱਟ ਇੱਕਜੁੱਟਤਾ ਦੇ ਨਾਲ ਲਬਰੇਜ ਹੋਣ। ਇਸ ਉਦੇਸ਼ ਨਾਲ ਨੌਜਵਾਨ ਭਾਰਤ ਸਭਾ ਨਿਯਮਤ ਰੂਪ ਨਾਲ ਖੇਡਾਂ ਅਤੇ ਸਰੀਰਕ ਸਿੱਖਿਆ ਦੇ ਪ੍ਰੋਗਰਾਮ ਜਥੇਬੰਦ ਕਰੇਗੀ, ਵਲੰਟੀਅਰ ਦਸਤੇ ਜਥੇਬੰਦ ਕਰੇਗੀ, ਪੈਦਾਵਾਰੀ ਸਰਗਰਮੀਆਂ, ਸ਼ਿਲਪ ਅਤੇ ਕਲਾ ਦੇ ਵਿੱਚ ਟ੍ਰੇਨਿੰਗ ਦੇ ਲਈ ਕੈਂਪਾਂ, ਵਰਕਸ਼ਾਪਾਂ ਨੂੰ ਜਥੇਬੰਦ ਕਰੇਗੀ, ਸਮੇਂ-ਸਮੇਂ ਤੇ ਸੈਰ-ਸਪਾਟੇ ਦੇ ਪ੍ਰੋਗਰਾਮ ਬਣਾਏਗੀ ਅਤੇ ਸਿਆਸੀ ਚੇਤਨਾ ਦੇ ਨਾਲ-ਨਾਲ ਨੌਜਵਾਨ ਮੈਂਬਰਾਂ ਦੇ ਸੱਭਿਆਚਾਰਕ ਪੱਧਰ ਨੂੰ ਉੱਚਾ ਚੁੱਕਣ ਦੇ ਲਈ ਵੱਖ-ਵੱਖ ਪ੍ਰੋਗਰਾਮ ਹੱਥ ਲਵੇਗੀ।

(14) ਨੌਜਵਾਨ ਭਾਰਤ ਸਭਾ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਸਾਮਰਾਜਵਾਦ ਅਤੇ ਦੇਸੀ ਪੂੰਜੀਵਾਦੀ ਪ੍ਰਬੰਧ ਦੇ ਖਿਲਾਫ ਉੱਠ ਖੜ੍ਹੇ ਹੋਏ ਆਮ ਲੋਕਾਂ ਦੇ ਹਰ ਸੰਘਰਸ਼ ਨੂੰ ਸਮਰਥਨ ਦੇਵੇਗੀ ਅਤੇ ਉਸਦੀ ਹਰ ਸੰਭਵ ਮੱਦਦ ਕਰੇਗੀ। ਮਿਹਨਤਕਸ਼ ਅਤੇ

ਆਮ ਮੱਧਵਰਗੀ ਲੋਕਾਂ ਦੇ ਹਰ ਸੰਘਰਸ਼ ਨੂੰ ਸਮਰਥਨ ਅਤੇ ਉਸ ਵਿੱਚ ਹਿੱਸੇਦਾਰੀ ਨੌਜਵਾਨ ਭਾਰਤ ਸਭਾ ਆਪਣੀ ਜਿੰਮੇਵਾਰੀ ਅਤੇ ਫਰਜ ਮੰਨਦੀ ਹੈ। ਸ਼ਹਿਰੀ ਅਜ਼ਾਦੀ ਅਤੇ ਜਮਹੂਰੀ ਅਧਿਕਾਰਾਂ ਦੇ ਹਰ ਇੱਕ ਸੰਘਰਸ਼ ਦੇ ਨਾਲ ਨੌਜਵਾਨ ਭਾਰਤ ਸਭਾ ਆਪਣੀ ਜੁਝਾਰੂ ਇੱਕ ਜੁੱਟਤਾ ਜ਼ਾਹਿਰ ਕਰਦੀ ਹੈ ਅਤੇ ਉਹਨਾਂ ਨੂੰ ਸਰਗਰਮ ਸਹਿਯੋਗ ਦਾ ਵਚਨ ਦਿੰਦੀ ਹੈ।

(15) 'ਨੌਜਵਾਨਾਂ ਨੂੰ ਰਾਜਨੀਤੀ ਤੋਂ ਦੂਰ ਰਹਿਣਾ ਚਾਹੀਦਾ ਹੈ, ਉਹਨਾਂ ਨੂੰ ਦੇਸ਼ ਦੀ ਚਿੰਤਾ ਛੱਡ ਕੇ ਆਪਣੇ ਕੈਰੀਅਰ ਤੇ ਧਿਆਨ ਦੇਣਾ ਚਾਹੀਦਾ ਹੈ' ਅਜਿਹੇ ਵਿਚਾਰਾਂ ਨੂੰ ਨੌਜਵਾਨ ਭਾਰਤ ਸਭਾ ਸਿਰੇ ਤੋਂ ਖਾਰਜ ਕਰਦੀ ਹੈ। ਆਮ ਲੋਕਾਂ ਦੇ ਬਹਾਦਰ ਨੌਜਵਾਨ ਧੀਆਂ-ਪੁੱਤ ਹੀ ਕਿਸੇ ਦੇਸ਼ ਅਤੇ ਸਮਾਜ ਦੀ ਕਿਸਮਤ ਨੂੰ ਤੈਅ ਕਰਨ ਵਾਲੇ ਅਤੇ ਭਵਿੱਖ ਦੇ ਉਸਰਈਏ ਹੁੰਦੇ ਹਨ ਇਹ ਇੱਕ ਇਤਿਹਾਸ ਸਿੱਧ ਸੱਚਾਈ ਹੈ। ਨੌਜਵਾਨਾਂ ਦੇ ਵਿਚਕਾਰ ਗੈਰ ਸਿਆਸੀਕਰਣ ਅਤੇ ਸਮਾਜ ਤੋਂ ਕਟ ਕੇ ਆਪਣੇ ਆਪ ਵਿੱਚ ਸੀਮਤ ਰਹਿਣ ਦੇ ਸੌੜੇ ਵਿਚਾਰਾਂ ਦਾ ਹੋਕਾ ਲਗਾਉਣ ਵਾਲੇ ਬੁੱਧੀਜੀਵੀ ਅਸਲ ਵਿੱਚ ਹਾਕਮ ਜਮਾਤਾਂ ਦੇ ਭਾੜੇ ਦੇ ਟੱਟੂ ਹੁੰਦੇ ਹਨ ਜੋ ਨੌਜਵਾਨ ਵਰਗ ਨੂੰ ਇੱਕ ਬਿਹਤਰ ਭਵਿੱਖ ਦੇ ਲਈ ਸੰਘਰਸ਼ ਤੋਂ ਅਲੱਗ ਕਰ ਦੇਣਾ ਚਾਹੁੰਦੇ ਹਨ।

(16) ਨੌਜਵਾਨ ਭਾਰਤ ਸਭਾ ਗੈਰ ਸਰਕਾਰੀ ਜਥੇਬੰਦੀਆਂ (ਐਨ.ਜੀ.ਓ.) ਜਾਂ ਸਮਾਜਸੇਵੀ ਜਥੇਬੰਦੀਆਂ ਦੀ ਸਿਆਸਤ ਦਾ ਪੁਰਜੋਰ ਵਿਰੋਧ ਕਰਦੀ ਹੈ। ਇਹਨਾਂ ਦੀ ਖਤਰਨਾਕ ਸਾਜਿਸ਼ ਦੇ ਖਿਲਾਫ ਦੇਸ਼ ਦੇ ਨੌਜਵਾਨਾਂ ਨੂੰ ਸੁਚੇਤ ਕਰਦੀ ਹੈ ਅਤੇ ਇਹਨਾਂ ਦੇ ਖਿਲਾਫ ਵਿਆਪਕ, ਜਨਤਾ ਨੂੰ ਜਾਗਰਿਤ ਕਰਨ ਦੇ ਲਈ ਉਹਨਾਂ ਨੂੰ ਸੱਦਾ ਦਿੰਦੀ ਹੈ। ਮੁੱਖ ਤੌਰ ਤੇ ਸਾਮਰਾਜੀਆਂ ਦੀਆਂ ਗਰਾਂਟਾਂ ਅਤੇ ਨਾਲ ਹੀ ਦੇਸੀ ਪੂੰਜੀਪਤੀਆਂ ਦੇ ਟ੍ਰਸਟਾਂ ਅਤੇ ਸਰਕਾਰ ਦੇ ਪੈਸਿਆਂ ਨਾਲ ਚੱਲਣ ਵਾਲੇ ਇਹ ਸੰਗਠਨ (1) ਪੂੰਜੀਵਾਦੀ ਪ੍ਰਬੰਧ (ਅਤੇ ਸਮੁੱਚ ਵਿੱਚ ਸੰਸਾਰ ਪੂੰਜੀਵਾਦ ਦੇ) ਦੇ ਪ੍ਰਭਾਵੀ ਸੇਫਟੀ ਵਾਲਵ ਦੇ ਰੂਪ ਵਿੱਚ ਕੰਮ ਕਰਦੇ ਹਨ ਅਤੇ ਸੁਧਾਰਵਾਦੀ ਟਾਕੀਬਾਜੀ ਦੇ ਨਵੇਂ-ਨਵੇਂ ਸ਼ਾਤਿਰਾਨਾ ਤੌਰ ਤਰੀਕੇ ਅਪਣਾਉਂਦੇ ਹਨ। (2) ਸੰਸਾਰੀਕਰਨ ਦੀਆਂ ਨੀਤੀਆਂ ਦੇ ਪ੍ਰਭਾਵਾਂ ਨੂੰ ਪ੍ਰਚੰਡ ਲੋਕ ਵਿਦਰੋਹਾਂ ਦੇ ਲੋੜੀਂਦੇ ਸਿੱਟੇ ਤੱਕ ਪਹੁੰਚਣ ਦੇ ਰਸਤੇ ਵਿੱਚ ਸਪੀਡ ਬ੍ਰੇਕਰ ਦਾ ਕੰਮ ਕਰਦੇ ਹਨ। (3) ਇਨਕਲਾਬ ਦੀਆਂ ਸਫਾਂ ਵਿੱਚ ਭਰਤੀ ਦੀ ਸੰਭਾਵਨਾ ਨਾਲ ਲੈੱਸ ਰੈਡੀਕਲ ਨੌਜਵਾਨਾਂ ਨੂੰ ਸਮਾਜਿਕ ਕਾਰਜਾਂ ਦੀ ਆੜ ਵਿੱਚ ਭਰਮਾ-ਬਹਿਕਾ ਕੇ ਸੁਧਾਰਵਾਦ ਦੀ ਦਲਦਲ ਵਿੱਚ ਧਸਾਅ ਦਿੰਦੇ ਹਨ ਅਤੇ ਪ੍ਰਬੰਧ ਵਿੱਚ ਜਜ਼ਬ ਕਰ ਲੈਂਦੇ ਹਨ। (4) "ਗੈਰ ਪਾਰਟੀ ਸਰਗਰਮੀਵਾਦ" ਦੇ ਸੜੇ ਹੋਏ ਵਿਚਾਰਾਂ ਦਾ ਹੋਕਾ ਲਗਾਉਂਦੇ ਹੋਏ ਨੌਜਵਾਨਾਂ ਦੀ ਅਤੇ ਪੂਰੀ ਜਨਤਾ ਦੀ ਚੇਤਨਾ ਦਾ "ਗੈਰ-ਸਿਆਸੀਕਰਣ" ਕਰਦੇ ਹਨ। (5) ਸਮਾਜਿਕ ਸਮੂਹਾਂ, ਤਬਕਿਆਂ, ਪਹਿਚਾਣਾ, ਜਾਤੀਭੇਦ, ਲਿੰਗਭੇਦ ਜਾਂ ਖੇਤਰੀ ਅਧਾਰਾਂ ਤੇ ਕਾਇਮ ਫਰਕਾਂ ਤੇ ਵਾਧੂ ਜੋਰ ਦਿੰਦੇ ਹੋਏ



ਸਮਾਜ ਦੀ ਬੁਨਿਆਦੀ ਜਮਾਤੀ-ਵੰਡ ਨੂੰ ਅੱਖਾ ਤੋਂ ਓਹਲੇ ਕਰਦੇ ਹਨ, ਲੋਕਾਂ ਦੀ ਜਮਾਤੀ ਚੇਤਨਾ ਨੂੰ ਖੁੰਢਾ ਕਰਦੇ ਹਨ, ਲੋਕ ਸੰਘਰਸ਼ਾਂ ਨੂੰ ਵਿਖੰਡਤ ਕਰਦੇ ਹਨ ਅਤੇ ਜਮਾਤੀ ਸੰਘਰਸ਼ ਦੇ ਅਗਲੇਰੇ ਵਿਕਾਸ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਨਾਲ ਪੂੰਜੀਵਾਦ ਦੀ ਸੇਵਾ ਕਰਦੇ ਹਨ। (6) ਇਹ ਜੱਥੇਬੰਦੀਆਂ ਸੰਸਾਰੀਕਰਨ ਦੀਆਂ ਨੀਤੀਆਂ ਨੂੰ "ਮਾਨਵੀ" ਚੇਹਰਾ ਦੇਣ ਦੀ ਕੋਸ਼ਿਸ਼ ਕਰਦੀਆਂ ਹੋਈਆਂ, ਬਦਲੇ ਹੋਏ ਰੂਪ ਵਿੱਚ ਪਿਛੜੇ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਵਿੱਤੀ ਪੂੰਜੀ ਦੀ ਘੁਸਪੈਠ ਨੂੰ ਵਿਆਪਕ ਅਤੇ ਡੂੰਘਾ ਬਨਾਉਣ ਵਿੱਚ ਸਾਮਰਾਜੀ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਲਈ ਜ਼ਰੂਰੀ ਪੂਰਕ ਭੂਮਿਕਾ ਨਿਭਾਉਂਦੀਆਂ ਹਨ। 'ਐਨ.ਜੀ.ਓ.-ਸੁਧਾਰਵਾਦ' ਬਾਹਰਮੁੱਖੀ ਤੌਰ ਤੇ ਸੰਸਾਰ ਪੂੰਜੀਵਾਦ ਦਾ ਟ੍ਰੋਜਨ ਹਾਰਸ ਹੈ, ਇਹ ਪੂੰਜੀਵਾਦੀ ਪ੍ਰਬੰਧ ਦੀ ਇੱਕ ਨਵੀਂ ਸੁੱਰਖਿਆ ਕਤਾਰ ਹੈ, ਇਹ ਖਤਰਨਾਕ ਸਾਮਰਾਜੀ ਕੁਚੱਕਰ ਹੈ। ਭੰਡ ਦੀ ਖੱਲ੍ਹ ਪਹਿਨੇ ਹੋਏ ਇਸ ਲੱਕੜਬੱਗੇ ਦੀ ਅਸਲੀਅਤ ਉਜਾਗਰ ਕਰਨਾ, ਇਸਦੇ ਖਿਲਾਫ ਨੌਜਵਾਨਾਂ ਨੂੰ ਅਤੇ ਪੂਰੀ ਜਨਤਾ ਨੂੰ ਸੁਚੇਤ ਕਰਨਾ ਨੌਜਵਾਨ ਭਾਰਤ ਸਭਾ ਆਪਣਾ ਇੱਕ ਅਤੀ ਜ਼ਰੂਰੀ ਫਰਜ਼ ਸਮਝਦੀ ਹੈ।

(17) ਨੌਜਵਾਨ ਭਾਰਤ ਸਭਾ ਉਹਨਾਂ ਫੁੱਟ ਪਾਊ ਅਤੇ ਖਿੰਡਾਊ ਤਾਕਤਾਂ ਦੇ ਖਿਲਾਫ਼ ਅਡਿੱਗ, ਸਮਝੌਤਾ ਰਹਿਤ ਸੰਘਰਸ਼ ਦਾ ਐਲਾਨ ਕਰਦੀ ਹੈ, ਜੋ ਨੌਜਵਾਨਾਂ ਨੂੰ ਜਾਤੀ ਜਾਂ ਧਰਮ ਜਾਂ ਇਲਾਕੇ ਦੇ ਅਧਾਰ ਤੇ ਵੰਡ ਕੇ, ਜਾਂ ਫਿਰ ਇਸ ਜਾਂ ਉਸ ਪੂੰਜੀਵਾਦੀ ਜਾਂ ਨਕਲੀ ਖੱਬੇ-ਪੱਖੀ ਪਾਰਟੀ ਦੀ ਪੂਛ ਬਣਾ ਕੇ ਨੌਜਵਾਨ ਲਹਿਰ ਨੂੰ ਕਮਜੋਰ ਕਰਨ ਅਤੇ ਉਸ ਵਿੱਚ ਫੁੱਟ ਪਾਉਣ ਦੀਆਂ ਕੋਸ਼ਿਸ਼ਾਂ ਕਰਦੀਆਂ ਰਹਿੰਦੀਆਂ ਹਨ। ਉਹ ਉਹਨਾਂ ਪਿਛਾਖੜੀ ਤਾਕਤਾਂ ਦੇ ਵਿਰੁੱਧ ਵੀ ਲਗਾਤਾਰ ਸੰਘਰਸ਼ ਦਾ ਐਲਾਨ ਕਰਦੀ ਹੈ ਜੋ ਧਾਰਮਿਕ ਜਨੂੰਨ ਅਤੇ ਉੱਗਰ ਅੰਧ ਰਾਸ਼ਟਰਵਾਦ ਦਾ ਜਨੂੰਨ ਉਭਾਰ ਕੇ ਨਿਰਾਸ਼-ਰਾਹੋਂ ਭਟਕੇ ਹੋਏ ਨੌਜਵਾਨਾਂ ਨੂੰ ਫਾਸਿਸਟਾਂ ਦੀਆਂ ਕਤਾਰਾਂ ਵਿੱਚ ਸ਼ਾਮਲ ਕਰਨ ਦੀਆਂ ਸਾਜਿਸ਼ਾਂ ਰਚਦੀਆਂ ਰਹਿੰਦੀਆਂ ਹਨ।

(18) ਨੌਜਵਾਨ ਭਾਰਤ ਸਭਾ ਨਾ ਕੇਵਲ ਪੂਰੇ ਦੇਸ਼ ਦੀ ਨੌਜਵਾਨ ਲਹਿਰ ਦੀ ਇੱਕਜੁੱਟਤਾ ਦੀ ਜੋਸ਼ੀਲੀ ਹਾਮੀ ਹੈ, ਸਗੋਂ ਉਹ ਪੂਰੀ ਦੁਨੀਆਂ ਦੇ ਇਨਕਲਾਬੀ, ਪ੍ਰਗਤੀਸ਼ੀਲ, ਇਨਸਾਫਪਸੰਦ, ਨੌਜਵਾਨਾਂ ਦੇ ਸਾਰੇ ਸੰਘਰਸ਼ਾਂ ਦੀ ਹਮਾਇਤ ਕਰਦੀ ਹੈ।ਉਹ ਇਨਕਲਾਬੀ ਨੌਜਵਾਨਾਂ ਦੀ ਜੁਝਾਰੂ ਅੰਤਰਰਾਸ਼ਟਰੀ ਇੱਕਜੁੱਟਤਾ ਦੇ ਪ੍ਰਤੀ ਆਪਣੀ ਪ੍ਰਤੀਬੱਧਤਾ ਦਾ ਐਲਾਨ ਕਰਦੀ ਹੈ।

(19) ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਰੀ ਲੋਕਾਂ ਦੇ ਸਾਮਰਾਜ ਵਿਰੋਧੀ ਸੰਘਰਸ਼ ਨੂੰ ਨੌਜਵਾਨ ਭਾਰਤ ਸਭਾ ਆਪਣਾ ਸਮਰਥਨ ਦਿੰਦੀ ਹੈ। ਜਿੱਥੇ ਕਿਤੇ ਵੀ ਮਿਹਨਤਕਸ਼ ਜਨਤਾ ਆਪਣੇ ਅਧਿਕਾਰਾਂ ਦੇ ਲਈ ਪੂੰਜੀਵਾਦ ਦੇ ਵਿਰੁੱਧ ਸੰਘਰਸ਼ ਕਰ ਰਹੀ ਹੋਵੇ, ਨੌਜਵਾਨ ਭਾਰਤ ਸਭਾ ਉਸਦੇ ਪ੍ਰਤੀ ਆਪਣੇ ਸਮਰਥਨ ਅਤੇ ਇੱਕਜੁੱਟਤਾ ਦਾ ਐਲਾਨ ਕਰਦੀ ਹੈ। ਨੌਜਵਾਨ ਭਾਰਤ ਸਭਾ ਪੂਰੀ ਦੁਨੀਆਂ ਵਿੱਚ ਜਾਰੀ ਸਾਮਰਾਜੀ

ਲੁੱਟ ਦਾ ਵਿਰੋਧ ਕਰਨ ਦੇ ਨਾਲ-ਨਾਲ ਕਿਸੇ ਵੀ ਦੇਸ਼ ਤੇ ਸਾਮਰਾਜੀ ਹਮਲੇ ਦਾ, ਸਾਮਰਾਜੀ ਘੁਸਪੈਠ, ਤਖਤਾਪਲਟ ਦੀਆਂ ਸਾਜ਼ਿਸ਼ਾਂ ਦਾ ਅਤੇ ਸਾਰੀਆਂ ਸਾਮਰਾਜੀ ਜੰਗਾਂ ਦਾ ਪੁਰਜ਼ੋਰ ਵਿਰੋਧ ਕਰਦੀ ਹੈ। ਉਹ ਨਸਲਵਾਦ, ਰੰਗਭੇਦ ਅਤੇ ਜਿਯਨਵਾਦ ਵਰਗੇ ਭੈੜੇ ਲੋਕ ਵਿਰੋਧੀ ਰੁਝਾਨਾਂ ਦਾ ਵੀ ਪੁਰਜ਼ੋਰ ਵਿਰੋਧ ਕਰਦੀ ਹੈ।

ਫਾਂਸੀ ਤੋਂ ਤਿੰਨ ਦਿਨ ਪਹਿਲਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਪੰਜਾਬ ਦੇ ਗਵਰਨਰ ਨੂੰ ਭੇਜੇ ਗਏ ਆਪਣੇ ਖਤ ਵਿਚ ਲਿਖਿਆ ਸੀ ਕਿ ਉਹਨਾਂ ਦਾ ਸੰਘਰਸ਼ ਪੂੰਜੀਵਾਦ ਦੇ ਵਿਰੁੱਧ ਲਗਾਤਾਰ ਜਾਰੀ ਯੁੱਧ ਦਾ ਹੀ ਇੱਕ ਅੰਗ ਹੈ, ਅਤੇ ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਤਾਕਤਵਰ ਲੋਕ, ਚਾਹੇ ਉਹ ਅੰਗਰੇਜ ਪੂੰਜੀਪਤੀ ਹੋਣ ਜਾਂ ਭਾਰਤੀ, ਭਾਰਤੀ ਲੋਕਾਂ ਅਤੇ ਕਿਰਤੀਆਂ ਦੀ ਆਮਦਨ ਦੇ ਸਾਧਨਾਂ ਦੇ ਆਪਣਾ ਏਕਾਧਿਕਾਰ ਜਮਾਈ ਰੱਖਣਗੇ ਅਤੇ ਉਸਦਾ ਖੂਨ ਚੂਸਣਾ ਜਾਰੀ ਰੱਖਣਗੇ। ਖਤ ਵਿੱਚ ਉਹਨਾਂ ਨੇ ਇਹ ਐਲਾਨ ਕੀਤਾ ਸੀ, "ਇਹ ਤੁਹਾਡੀ ਇੱਛਾ ਹੈ ਕਿ ਤੁਸੀਂ ਹਾਲਾਤ ਦੇ ਚਾਹੇ ਜਿਸ ਰੂਪ ਨੂੰ ਚੁਣ ਲਵੋ, ਪਰੰਤੂ ਇਹ ਯੁੱਧ ਚਲਦਾ ਰਹੇਗਾ। ਇਸ ਵਿੱਚ ਛੋਟੀਆਂ-ਛੋਟੀਆਂ ਗੱਲਾਂ ਦੀ ਪ੍ਰਵਾਹ ਨਹੀਂ ਕੀਤੀ ਜਾਵੇਗੀ ਬਹੁਤ ਸੰਭਵ ਹੈ ਕਿ ਇਹ ਯੁੱਧ ਭਿਆਨਕ ਰੂਪ ਧਾਰਨ ਕਰ ਲਵੇ ਇਹ ਉਸ ਸਮੇਂ ਤੱਕ ਸਮਾਪਤ ਨਹੀਂ ਹੋਵੇਗਾ ਜਦ ਤੱਕ ਕਿ ਸਮਾਜ ਦਾ ਵਰਤਮਾਨ ਢਾਂਚਾ ਸਮਾਪਤ ਨਹੀਂ ਹੋ ਜਾਂਦਾ, ਹਰ ਇੱਕ ਪ੍ਰਬੰਧ ਵਿੱਚ ਤਬਦੀਲੀ ਜਾਂ ਇਨਕਲਾਬ ਨਹੀਂ ਹੋ ਜਾਂਦਾ ਅਤੇ ਸ਼੍ਰਿਸ਼ਟੀ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਨਹੀਂ ਹੋ ਜਾਂਦੀ।" ਖਤ ਵਿੱਚ ਇਹ ਦ੍ਰਿੜ ਵਿਸ਼ਵਾਸ਼ ਪ੍ਰਗਟ ਕੀਤਾ ਗਿਆ ਸੀ ਕਿ : **"ਨੇੜਲੇ ਭਵਿੱਖ ਵਿੱਚ ਆਖਰੀ ਯੁੱਧ ਲੜਿਆ ਜਾਏਗਾ ਅਤੇ ਉਹ ਫੈਸਲਾਕੁਨ ਯੁੱਧ ਹੋਵੇਗਾ।"**

ਜਦ ਅਸੀਂ ਅੱਜ ਦੇ ਸੰਸਾਰ ਪੂੰਜੀਵਾਦ ਦੀ ਹਾਲਤ ਦਾ ਇਤਿਹਾਸਿਕ ਪਿਛੋਕੜ ਵਿੱਚ ਅਧਿਐਨ ਕਰਦੇ ਹਾਂ ਅਤੇ ਇਸਦੇ ਢਾਂਚਾਗਤ ਆਰਥਿਕ ਸੰਕਟਾਂ ਦਾ ਜਾਇਜਾ ਲੈਂਦੇ ਹਾਂ ਤਾਂ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦਾ ਉਪਰੋਕਤ ਸਿੱਟਾ ਇੱਕਦਮ ਸਹੀ-ਸਟੀਕ ਜਾਪਦਾ ਹੈ। ਸੰਸਾਰ ਇਤਿਹਾਸ ਦੇ ਵਿਕਾਸ ਦੀ ਆਮ ਦਿਸ਼ਾ ਇਸ਼ਾਰਾ ਕਰ ਰਹੀ ਹੈ ਕਿ ਅਸੀਂ ਪੂੰਜੀਵਾਦ ਦੇ ਯੁੱਗ ਦੇ ਮੁਕੰਮਲ ਖਾਤਮੇ ਦੀ ਸਦੀ ਵਿੱਚ ਦਾਖਲ ਹੋ ਚੁੱਕੇ ਹਾਂ। ਇਹ ਸਦੀ ਪੂੰਜੀ ਦੀ ਸੱਤ੍ਹਾ ਦੇ ਖਿਲਾਫ ਫੈਸਲਾਕੁਨ ਯੁੱਧ ਦੀ ਸਦੀ ਹੈ। ਭਾਵੇਂ ਪਿੱਛਲੀ ਸਦੀ ਵਿਚ ਇਤਿਹਾਸਕ ਮਹਾਂ ਜੰਗ ਦੇ ਪਹਿਲੇ ਗੇੜ ਵਿੱਚ ਇਤਿਹਾਸ ਦੀਆਂ ਅੱਗੇਵਧੂ ਤਾਕਤਾਂ ਦੀ ਹਾਰ ਦੇ ਬਾਅਦ ਪਿੱਛਾਖੜ ਦੀਆਂ ਚਾਂਭਲੀਆਂ ਤਾਕਤਾਂ ਦਾ ਹਮਲਾ ਅੱਜ ਵਿਸ਼ਵ ਪੱਧਰ ਤੇ ਆਪਣੀ ਸਿਖਰ 'ਤੇ ਹੈ, ਲੇਕਿਨ ਏਸ਼ੀਆ, ਲਾਤੀਨੀ ਅਮਰੀਕਾ ਅਤੇ ਅਫਰੀਕਾ ਦੇ ਵੱਖ-ਵੱਖ ਦੇਸ਼ਾਂ ਤੋਂ ਆਉਣ ਵਾਲੇ ਸਮੇਂ ਦੇ ਸੰਕੇਤ ਵੀ ਮਿਲਣ ਲੱਗੇ ਹਨ। ਹੁਣ ਇਹ ਤਾਂ ਸਮਾਂ ਦੱਸੇਗਾ ਕਿ ਕਿਸ ਦੇਸ਼ ਦੇ ਨੌਜਵਾਨ ਆਉਣ ਵਾਲੇ ਦਿਨਾਂ ਦੇ ਇਤਿਹਾਸਕ ਤੂਫਾਨ ਨੂੰ ਇੱਕ ਨਿਸ਼ਚਿਤ ਦਿਸ਼ਾ ਦੇ ਕੇ ਸਮਾਜਿਕ



ਇਨਕਲਾਬ ਵਿੱਚ ਬਦਲ ਦੇਣ ਦੇ ਕੰਮ ਨੂੰ ਪਹਿਲਾਂ ਸ਼ੁਰੂ ਕਰਨਗੇ। ਇਸ ਮਹਾਨ ਕਾਰਜ ਵਿੱਚ ਜੁੱਟ ਜਾਣ ਲਈ ਨੌਜਵਾਨ ਭਾਰਤ ਸਭਾ ਭਾਰਤ ਦੇ ਸਾਰੇ ਸਾਹਸੀ, ਸਵਾਭਿਮਾਨੀ ਅਤੇ ਅਗਾਂਹਵਧੂ ਨੌਜਵਾਨਾਂ ਨੂੰ ਸੱਦਾ ਦਿੰਦੀ ਹੈ।

ਨੌਜਵਾਨ ਭਾਰਤ ਸਭਾ ਆਮ ਜਨਤਾ ਦੇ ਸਾਰੇ ਬਹਾਦਰ ਧੀਆਂ-ਪੁੱਤਾਂ ਨੂੰ ਸੱਦਾ ਦਿੰਦੀ ਹੈ। —

**ਉਠੋ ! ਜਾਗੋ ! ! ਅੱਗੇ ਵਧੋ ! ! !**
**ਇੱਕ ਹੋ ਜਾਓ ! ਜੱਥੇਬੰਦ ਹੋ ਜਾਓ ! ! ਸੰਘਰਸ਼ਾਂ ਨੂੰ ਅੱਗੇ ਵਧਾਓ ! ! !**
**ਅਤੀਤ ਦੇ ਇਨਕਲਾਬਾਂ ਦੀ ਵਿਰਾਸਤ ਤੋਂ ਸਿੱਖੋ !**
**ਵਰਤਮਾਨ ਦਾ ਅਧਿਐਨ ਕਰੋ ! ! ਨਵੇਂ ਭਵਿੱਖ ਦੇ ਸੁਪਨੇ ਦੇਖੋ ! ! !**
**ਮੁਕਤੀ ਦੇ ਨਵੇਂ ਪ੍ਰੋਜੈਕਟ ਘੜੋ ਅਤੇ ਉਹਨਾਂ ਤੇ ਅਮਲ ਕਰੋ ! ! !**



"ਜ਼ਿੰਦਗੀ ਦਾ ਲੰਗਰ ਚੁੱਕ ਦਿਓ
ਅਤੇ ਇਸ ਨੂੰ ਮੁਸ਼ਿਕਲਾਂ ਦੇ ਮਹਾਨ ਸਾਗਰ ਵਿੱਚ ਠਿੱਲ੍ਹ ਪੈਣ ਦਿਓ
ਅਤੇ ਫਿਰ
ਉਸ ਵਿਸ਼ਾਲ ਅਤੇ ਅਦਭੁਤ ਸਮੁੰਦਰ 'ਤੇ ਭਰੋਸਾ ਰੱਖੋ,
ਜਿੱਥੇ ਨਿੱਤ ਨਵੇਂ ਜਵਾਰ ਆਉਂਦੇ ਹਨ,
ਜਿੱਥੇ ਮਹਾਨ ਲਹਿਰਾਂ ਅਜ਼ਾਦ ਹਨ,
ਓ ਨੌਜਵਾਨ ਕੋਲੰਬਸ, ਹੋ ਸਕਦਾ ਹੈ
ਤੇਰੀ ਸੱਚ ਦੀ ਦੁਨੀਆ ਸ਼ਾਇਦ ਇੱਥੇ ਹੀ ਹੋਵੇ।"

—ਸ਼ਹੀਦ ਭਗਤ ਸਿੰਘ
(ਨੌਜਵਾਨ ਭਾਰਤ ਸਭਾ, ਲਹੌਰ ਦਾ ਐਲਾਨਨਾਮਾ)

# ਨੌਜਵਾਨ ਭਾਰਤ ਸਭਾ

## ਖਰੜਾ ਸੰਵਿਧਾਨ

### ਧਾਰਾ—1

### ਜੱਥੇਬੰਦੀ ਦਾ ਨਾਂ

ਜੱਥੇਬੰਦੀ ਦਾ ਨਾਂ **ਨੌਜਵਾਨ ਭਾਰਤ ਸਭਾ** ਹੋਵੇਗਾ। ਪੰਜਾਬੀ ਵਿੱਚ ਇਸ ਦਾ ਸੰਖੇਪ ਨਾਂ ਨੌ. ਭਾ. ਸ. ਅਤੇ ਅਗੰਰੇਜੀ ਵਿੱਚ ਐਨ. ਬੀ. ਐਸ. ਹੋਵੇਗਾ।

### ਧਾਰਾ—2

### ਝੰਡਾ ਅਤੇ ਪ੍ਰਤੀਕ

ਜਥੇਬੰਦੀ ਦੇ ਝੰਡੇ ਦੀ ਲੰਬਾਈ ਅਤੇ ਚੌੜਾਈ ਦਾ ਅਨੁਪਾਤ 3 : 2 ਹੋਵੇਗਾ। ਝੰਡਾ ਖੜੇ ਰੂਪ ਵਿੱਚ (vertically) ਨੀਲੇ ਅਤੇ ਲਾਲ ਰੰਗ ਵਿਚ ਵੰਡਿਆ ਹੋਵੇਗਾ। ਖੱਬੇ ਪਾਸੇ ਦਾ 1/3 ਭਾਗ ਨੀਲਾ ਹੋਵੇਗਾ ਅਤੇ ਸੱਜੇ ਪਾਸੇ ਦਾ 2/3 ਭਾਗ ਲਾਲ ਹੋਵੇਗਾ। ਨੀਲੇ ਰੰਗ ਵਾਲੇ ਭਾਗ ਦੇ ਉੱਪਰ ਖੱਬੇ ਕੋਨੇ ਵਿੱਚ ਲਾਲ ਰੰਗ ਦੇ ਤਿੰਨ ਪੰਜਕੋਣੀ ਸਿਤਾਰੇ ਹੋਣਗੇ ਅਤੇ ਉਹਨੰ ਦੇ ਥੱਲੇ ਚਿੱਟੇ ਰੰਗ ਵਿੱਚ ਤਣਿਆ ਹੋਇਆ ਮੁੱਕਾ ਹੋਵੇਗਾ।

ਝੰਡੇ ਦਾ ਨੀਲਾ ਰੰਗ ਨੌਜਵਾਨ ਊਰਜਾ ਅਤੇ ਸੁਪਨਦਰਸ਼ੀ ਸਿਰਜਣਾਤਮਕਤਾ ਦਾ ਪ੍ਰਤੀਕ ਹੈ। ਜਦ ਕਿ ਲਾਲ ਰੰਗ ਨੌਜਵਾਨਾਂ ਦੇ ਇਨਕਲਾਬੀ ਸੰਘਰਸ਼ਾਂ ਦੇ ਜੁਝਾਰੂਪਣ ਅਤੇ ਕੁਰਬਾਨੀ ਦੀ ਭਾਵਨਾ ਦਾ ਪ੍ਰਤੀਕ ਹੈ। ਤਿੰਨ ਲਾਲ ਸਿਤਾਰੇ ਨੌਜਵਾਨਾਂ ਦੇ ਇਨਕਲਾਬੀ ਆਦਰਸ਼, ਫੌਲਾਦੀ ਇੱਕਜੁੱਟਤਾ ਅਤੇ ਵਿਚਾਰਕ ਦ੍ਰਿਸ਼ਟੀ ਅਤੇ ਦਿਸ਼ਾ ਦੇ ਪ੍ਰਤੀਕ ਹਨ। ਨਾਲ ਹੀ ਇਹ ਤਿੰਨ ਲਾਲ ਸਿਤਾਰੇ ਪੂੰਜੀਵਾਦ ਅਤੇ ਸਾਮਰਾਜ ਦੇ ਖਿਲਾਫ਼ ਸ਼ਹਿਰੀ ਅਤੇ ਪੇਂਡੂ ਮਜ਼ਦੂਰਾਂ ਅਤੇ ਹੋਰ ਗਰੀਬ ਮਿਹਨਤਕਸ਼ ਅਤੇ ਅਰਧ-ਮਜ਼ਦੂਰਾਂ ਅਤੇ ਸ਼ਹਿਰੀ ਅਤੇ ਪੇਂਡੂ ਮੱਧਵਰਗੀ ਨੌਜਵਾਨਾਂ ਦੀ ਜਮਾਤੀ ਲਾਮਬੰਦੀ ਦੇ ਵੀ ਪ੍ਰਤੀਕ ਹਨ। ਸਿਤਾਰਿਆਂ ਦੇ ਪੰਜ ਕੋਣ ਪੂਰੀ ਦੁਨੀਆ ਦੇ ਪੰਜ ਮਹਾਂਦੀਪਾਂ ਦੇ ਇਨਕਲਾਬੀ ਨੌਜਵਾਨਾਂ ਦੇ ਜੁਝਾਰੂ ਇੱਕਜੁੱਟਤਾ ਦੇ ਪ੍ਰਤੀਕ ਹਨ। ਤਣੀ ਹੋਈ ਮੁੱਠੀ ਦਾ ਸਫੇਦ ਰੰਗ ਇਨਕਲਾਬੀ ਨੌਜਵਾਨਾਂ ਦੇ ਸੱਚਾਈ ਵਿੱਚ ਭਰੋਸੇ, ਸਾਦਗੀ ਅਤੇ ਇਮਾਨਦਾਰੀ ਦਾ ਪ੍ਰਤੀਕ ਹੈ।



### ਧਾਰਾ—3

### ਟੀਚਾ ਅਤੇ ਉਦੇਸ਼

(i) ਸਾਮਰਾਜ ਅਤੇ ਪੂੰਜੀਵਾਦ ਦੇ ਵਿਰੁੱਧ ਸੰਘਰਸ਼ ਅਤੇ ਸਮਾਜਵਾਦੀ ਇਨਕਲਾਬ ਦੇ ਲਈ ਨੌਜਵਾਨਾਂ (ਗੱਭਰੂ ਅਤੇ ਮੁਟਿਆਰਾਂ) ਨੂੰ ਚੇਤਨ, ਲਾਮਬੰਦ ਅਤੇ ਜਥੇਬੰਦ ਕਰਨਾ।

(ii) ਨੌਜਵਾਨਾਂ ਨੂੰ ਵਿਆਪਕ ਮਿਹਨਤਕਸ਼ ਅਬਾਦੀ ਦੇ ਜੀਵਨ ਅਤੇ ਸੰਘਰਸ਼ਾਂ ਨਾਲ ਜੋੜਨਾ, ਉਹਨਾਂ ਦੀ ਸੇਵਾ ਵਿੱਚ ਲਗਉਣਾ, ਆਪਣੀਆਂ ਮੰਗਾਂ ਅਤੇ ਅਧਿਕਾਰਾਂ ਨੂੰ ਲੈ ਕੇ ਵੱਖ-ਵੱਖ ਲੁਟੀਦੀਆਂ ਜਮਾਤਾਂ ਦੁਆਰਾ ਕੀਤੇ ਜਾਣ ਵਾਲੇ ਸੰਘਰਸ਼ਾਂ ਨੂੰ ਸਮਰਥਨ ਦੇਣਾ ਉਹਨਾਂ ਵਿੱਚ ਸਰਗਰਮ ਹਿੱਸੇਦਾਰੀ ਕਰਨਾ।

(iii) 'ਸਭ ਦੇ ਲਈ ਸਮਾਨ ਸਿੱਖਿਆ ਅਤੇ ਸਭ ਨੂੰ ਰੁਜ਼ਗਾਰ ਦੇ ਸਮਾਨ ਮੌਕੇ' ਇਸ ਮੰਗ ਨੂੰ ਲੈ ਕੇ ਪੂੰਜੀਵਾਦੀ ਪ੍ਰਬੰਧ ਦੇ ਖਿਲਾਫ ਦੇਸ਼ ਵਿਆਪੀ ਲਹਿਰ ਜਥੇਬੰਦ ਕਰਨਾ। ਇਸ ਲੰਬੀ ਪ੍ਰਕਿਰਿਆ ਦੌਰਾਨ, ਸੰਘਰਸ਼ ਦੇ ਫੌਰੀ ਮੁੱਦੇ ਦੇ ਤੌਰ ਤੇ ਗੁਜ਼ਾਰੇ-ਯੋਗ ਬੇਰੁਜਗਾਰੀ ਭੱਤੇ ਦੀ ਮੰਗ ਉਠਾਉਣਾ। ਸਿੱਖਿਆ ਸੰਸਥਾਵਾਂ ਵਿੱਚ 'ਸੀਟਾਂ ਘਟਾਉਣ ਅਤੇ ਫੀਸਾਂ ਵਧਾਉਣ' ਅਤੇ ਸਿੱਖਿਆ ਦੇ ਕੁਲੀਨੀਕਰਣ ਦੀਆਂ ਸਾਜ਼ਿਸ਼ਾਨਾ ਕੋਸ਼ਿਸ਼ਾਂ ਦਾ ਵਿਰੋਧ ਕਰਨਾ। ਸਿੱਖਿਆ ਅਤੇ ਰੁਜਗਾਰ ਦੇ ਸਵਾਲ ਤੇ ਦੇਸ਼ ਵਿਆਪੀ, ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਜੱਥੇਬੰਦ ਕਰਨ ਲਈ ਲਗਾਤਾਰ ਕੰਮ ਕਰਨਾ। ਵਰਤਮਾਨ ਲੋਕ ਵਿਰੋਧੀ, ਅਵਿਗਿਆਨਕ ਪੂੰਜੀਵਾਦੀ ਸਿੱਖਿਆ ਪ੍ਰਣਾਲੀ ਦਾ ਵਿਰੋਧ ਕਰਨਾ, ਵਿਗਿਆਨਕ ਸਮਾਜਵਾਦੀ ਸਿੱਖਿਆ ਪ੍ਰਣਾਲੀ ਲਈ ਸੰਘਰਸ਼ ਕਰਨਾ ਅਤੇ ਇਸ ਉਦੇਸ਼ ਨਾਲ ਸਰਗਰਮ ਵਿਦਿਆਰਥੀ ਜਥੇਬੰਦੀਆਂ ਨਾਲ ਸਰਗਰਮ ਸਹਿਯੋਗ ਕਰਨਾ।

(iv) ਸਭ ਪ੍ਰਕਾਰ ਦੀਆਂ ਸਮਾਜਿਕ-ਧਾਰਮਿਕ ਰੂੜੀਆਂ, ਅੰਧਵਿਸ਼ਵਾਸ਼, ਧਾਰਮਿਕ ਕੱਟੜਤਾ, ਖਰਚੀਲੇ ਆਡੰਬਰਪੂਰਣ ਕਰਮ ਕਾਂਡਾਂ, ਜਾਤੀਗਤ ਭੇਦਭਾਵ ਦੇ ਸੱਭਿਆਚਾਰ, ਦਲਿਤਾਂ ਤੇ ਹੁੰਦੇ ਜ਼ਬਰ ਅਤੇ ਉਹਨਾਂ ਪ੍ਰਤੀ ਅਪਮਾਨ ਜਨਕ ਵਿਵਹਾਰ, ਘੱਟ ਗਿਣਤੀਆਂ 'ਤੇ ਜਬਰ, ਔਰਤਾਂ 'ਤੇ ਹੁੰਦੇ ਜਬਰ, ਮਰਦ ਪ੍ਰਧਾਨਤਾ ਦੀ ਮਾਨਸਿਕਤਾ, ਦਾ ਲਗਾਤਾਰ ਤਿੱਖਾ ਵਿਰੋਧ ਕਰਨਾ ਅਤੇ ਉਹਨਾਂ ਦੇ ਵਿਰੁੱਧ ਸਮਝੌਤਾਹੀਣ ਸੰਘਰਸ਼ ਚਲਾਉਣਾ। ਜਾਤੀ, ਧਰਮ, ਭਾਸ਼ਾ, ਖੇਤਰ, ਨਸਲ ਅਤੇ ਲਿੰਗ ਦੇ ਅਧਾਰ ਤੇ ਕੀਤੇ ਜਾਣ ਵਾਲੇ ਭੇਦ-ਭਾਵ ਅਤੇ ਲੁੱਟ-ਜਬਰ ਦੇ ਖਿਲਾਫ ਸੰਘਰਸ਼ ਕਰਨਾ।

(v) ਸੱਚੀ ਧਰਮ ਨਿਰਪੱਖਤਾ ਦੇ ਮੁੱਲਾਂ ਦਾ ਪ੍ਰਚਾਰ-ਪ੍ਰਸਾਰ ਕਰਦੇ ਹੋਏ ਇਹਨਾਂ ਦੇ ਲਈ ਸੰਘਰਸ਼ ਕਰਨਾ, ਸਮਾਜਿਕ ਸਿਆਸੀ ਸੰਸਥਾਵਾਂ ਅਤੇ ਗਤੀਵਿਧੀ ਤੋਂ ਧਰਮ ਨੂੰ ਪੂਰੀ ਤਰਾਂ ਅਲੱਗ ਕਰਨ ਦੇ ਲਈ ਸੰਘਰਸ਼ ਕਰਨਾ। ਨਾਗਰਿਕਾਂ ਦੀਆਂ ਅਲੱਗ-ਅਲੱਗ ਨਿੱਜੀ ਵਿਸ਼ਵਾਸਾਂ ਦੀ ਸਮਾਨ ਅਜ਼ਾਦੀ ਦੇ ਲਈ ਸੰਘਰਸ਼ ਕਰਨਾ।

(vi) ਨਾਗਰਿਕ ਅਜ਼ਾਦੀ ਅਤੇ ਜਮਹੂਰੀ ਅਧਿਕਾਰਾਂ ਲਈ ਸੰਘਰਸ਼ ਕਰਨਾ ਅਤੇ ਹਰ ਅਜਿਹੇ ਸੰਘਰਸ਼ ਨੂੰ ਯਥਾਸ਼ਕਤੀ, ਸੱਚੇ ਦਿਲ ਤੋਂ ਸਮਰਥਨ ਦੇਣਾ। ਪੂੰਜੀਵਾਦੀ ਜਮਹੂਰੀਅਤ ਦੇ ਧੋਖੇ ਫਰੇਬ ਦੇ ਵਿਰੁੱਧ ਲੋਕਾਂ ਖਾਸਕਰ ਨੌਜਵਾਨਾਂ ਵਿਚਕਾਰ ਲਗਾਤਾਰ ਪਰਦਾਫਾਸ਼ ਅਤੇ ਸਿੱਖਿਆ ਦਾ ਕੰਮ ਜਾਰੀ ਰੱਖਣਾ।

(vii) ਸਾਰੀਆਂ ਪੂੰਜੀਵਾਦੀ ਪਾਰਟੀਆਂ ਅਤੇ ਸੰਸਦੀ ਖੱਬੇ ਪੱਖੀ ਪਾਰਟੀਆਂ ਦੇ ਲੋਕ ਵਿਰੋਧੀ ਚਰਿੱਤਰ ਨੂੰ ਨੌਜਵਾਨਾਂ ਅਤੇ ਸਮੁੱਚੀ ਜਨਤਾ ਦੇ ਸਾਹਮਣੇ ਲਗਾਤਾਰ ਨੰਗਿਆਂ ਕਰਨਾ। ਹਰ ਤਰਾਂ ਦੇ ਸੁਧਾਰਵਾਦ ਖਾਸਕਰ 'ਐਨ.ਜੀ.ਓ. ਸੁਧਾਰਵਾਦ' ਦੀ ਅਸਲੀਅਤ ਉਜਾਗਰ ਕਰਨਾ। ਐਨ. ਜੀ.ਓ. ਦੀਆਂ ਖਤਰਨਾਕ ਸਾਜਿਸ਼ਾਂ ਤੋਂ ਨੌਜਵਾਨਾਂ ਨੂੰ ਸਾਵਧਾਨ ਕਰਨਾ ਅਤੇ ਉਹਨਾਂ ਦੇ ਖਿਲਾਫ ਜਥੇਬੰਦ ਕਰਨਾ। ਧਾਰਮਿਕ ਕੱਟੜਪੰਥੀ ਫਾਸਿਸਟ ਤਾਕਤਾਂ ਦੇ ਖਿਲਾਫ ਨੌਜਵਾਨਾਂ ਨੂੰ ਜੁਝਾਰੂ ਤੌਰ ਤੇ ਲਾਮਬੰਦ ਕਰਨਾ।

(viii) ਵਿਆਪਕ ਲੋਕ ਸਮੂਹਾਂ ਨੂੰ ਚੇਤਨ ਅਤੇ ਜਥੇਬੰਦ ਕਰਨ ਦੀ ਲੰਬੀ ਪ੍ਰਕਿਰਿਆ ਤੋਂ ਗੁਜ਼ਰੇ ਬਿਨਾਂ, ਥੋੜੇ ਜਿਹੇ ਲੋਕਾਂ ਦੀ ਬਹਾਦਰੀ, ਸ਼ਹਾਦਤਾਂ ਅਤੇ ਹਥਿਆਰਬੰਦ ਤਾਕਤ ਨਾਲ ਤੁਰਤ-ਫੁਰਤ ਇਨਕਲਾਬ ਨੂੰ ਸਿਰੇ ਚਾੜ੍ਹਨ ਦੀ ਮੱਧਵਰਗੀ ਮਾਅਰਕੇਬਾਜ ਮਾਨਸਿਕਤਾ ਅਤੇ 'ਵੀਰ ਪੂਜਾ' ਦੀ ਮਾਨਸਿਕਤਾ ਤੋਂ ਨੌਜਵਾਨਾਂ ਨੂੰ ਮੁਕਤ ਕਰਨ ਲਈ ਉਹਨਾਂ ਨੂੰ ਵਿਚਾਰਕ-ਸਿਆਸੀ ਪੱਖੋਂ ਸਿੱਖਿਅਤ ਕਰਨਾ ਅਤੇ ਇਨਕਲਾਬੀ ਜਨਤਕ ਲੀਹ ਨੂੰ ਲਾਗੂ ਕਰਨਾ।

(ix) ਨੌਜਵਾਨਾਂ ਨੂੰ ਵਿਗਿਆਨਕ ਜੀਵਨ ਨਜ਼ਰੀਆ ਅਤੇ ਸਹੀ ਇਤਿਹਾਸ-ਬੋਧ ਨਾਲ ਲੈਸ ਕਰਨਾ, ਉਹਨਾਂ ਦਾ ਸੱਭਿਆਚਾਰਕ ਪੱਧਰ ਉਚਾ ਚੁੱਕਣ ਅਤੇ ਵਿਚਾਰਕ-ਸਿਆਸੀ ਸਿੱਖਿਆ-ਟਰੇਨਿੰਗ ਦੇ ਲਈ ਹਰ ਸੰਭਵ ਯਤਨ ਕਰਨਾ। ਜਨਤਾ ਵਿਚਕਾਰ ਇਨਕਲਾਬੀ ਸੱਭਿਆਚਾਰਕ ਅਭਿਆਨ ਅਤੇ ਸਿਆਸੀ ਪ੍ਰਚਾਰ ਅਭਿਆਨਾਂ ਲਈ ਨੌਜਵਾਨਾਂ ਦੇ ਦਸਤੇ ਤਿਆਰ ਕਰਨਾ। ਮਾਨਸਿਕ ਕਿਰਤ ਅਤੇ ਸਰੀਰਕ ਕਿਰਤ ਵਿਚਕਾਰ ਫਰਕ ਤੋਂ ਜਨਮੀ ਮਾਨਸਿਕਤਾ ਅਤੇ ਸੱਭਿਆਚਾਰ ਵਿਰੁੱਧ ਨੌਜਵਾਨਾਂ ਨੂੰ ਸਿੱਖਿਅਤ ਕਰਨਾ ਅਤੇ ਵੱਖੋ-ਵੱਖਰੇ ਅਦਾਰਿਆਂ ਦੇ ਮਾਧਿਅਮ ਰਾਹੀਂ ਉਹਨਾਂ ਨੂੰ ਪੈਦਾਵਾਰੀ ਕਿਰਤ ਨਾਲ ਜੋੜਨ ਦੀ ਕੋਸ਼ਿਸ਼ ਕਰਨਾ। ਨੌਜਵਾਨਾਂ ਵਿਚਕਾਰ ਅਤੇ ਪੂਰੇ ਸਮਾਜ ਵਿੱਚ ਕਿਰਤ ਦੇ ਸੱਭਿਆਚਾਰ ਦਾ ਪ੍ਰਚਾਰ ਕਰਨਾ। ਨੌਜਵਾਨਾਂ ਨੂੰ ਸਾਦਾ ਅਤੇ ਸਖਤ ਮਿਹਨਤੀ ਜੀਵਨ ਬਿਤਾਉਣ ਅਤੇ ਮਿਹਨਤਕਸ਼ ਲੋਕਾਂ ਵਿਚਕਾਰ ਇਨਕਲਾਬ ਦਾ ਸੁਨੇਹਾ ਲੈ ਕੇ ਜਾਣ ਲਈ ਤਿਆਰ ਕਰਨਾ। ਉਹਨਾਂ ਵਿੱਚ ਅਨੁਸ਼ਾਸਨ ਅਤੇ ਸਮੂਹਿਕਤਾ ਦੇ ਨਾਲ-ਨਾਲ ਜੀਵੰਤਤਾ ਅਤੇ ਸਿਰਜਣਾਤਮਿਕਤਾ ਪੈਦਾ ਕਰਨਾ।

(x) ਕੌਮੀਅਤਾਂ ਤੇ ਜਬਰ ਦਾ ਵਿਰੋਧ ਕਰਨਾ ਅਤੇ ਵੱਖਰੇ ਹੋਣ ਸਮੇਤ ਉਹਨਾਂ ਦੇ ਆਤਮ ਨਿਰਣੇ ਦੇ ਅਧਿਕਾਰ ਨੂੰ ਸਵੀਕਾਰ ਕਰਨਾ।

(xi) ਹਾਕਮ ਜਮਾਤਾਂ ਦੁਆਰਾ ਲਗਾਤਾਰ ਫੈਲਾਏ ਜਾ ਰਹੇ ਅੰਧ ਰਾਸ਼ਟਰਵਾਦ



ਅਤੇ ਜਨਤਾ ਵਿਚਕਾਰ ਫੁੱਟ ਪਾਉਣ ਵਾਲੇ ਖੇਤਰੀ-ਕੌਮੀ-ਭਾਸ਼ਾਈ ਸੌੜੇਪਣ ਦਾ ਵਿਰੋਧ ਕਰਨਾ।

(xii) ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਇਨਸਾਫਸ਼ੁਦਾ ਮੰਗਾਂ ਨੂੰ ਲੈ ਕੇ ਚੱਲ ਰਹੇ ਨੌਜਵਾਨਾਂ ਦੇ ਸੰਘਰਸ਼ਾਂ ਨੂੰ ਸਮਰਥਨ ਦੇਣਾ, ਸਮਾਨ ਟੀਚਿਆਂ ਨੂੰ ਲੈ ਕੇ ਸਰਗਰਮ ਨੌਜਵਾਨ ਜਥੇਬੰਦੀਆਂ ਨਾਲ ਸਾਂਝਾ ਮੋਰਚਾ ਬਨਾਉਣ ਅਤੇ ਏਕਤਾ ਕਾਇਮ ਕਰਨ ਲਈ ਅਤੇ ਨੌਜਵਾਨ ਲਹਿਰ ਦੀ ਦੇਸ਼ ਵਿਆਪੀ ਇੱਕਜੁੱਟਤਾ ਲਈ ਆਪਣੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰੱਖਣਾ।

(xiii) ਪੂਰੀ ਦੁਨੀਆ ਦੀਆਂ ਇਨਕਲਾਬੀ ਨੌਜਵਾਨ ਜਥੇਬੰਦੀਆਂ ਅਤੇ ਲਹਿਰਾਂ ਦੇ ਨਾਲ ਇੱਕਜੁੱਟਤਾ ਕਾਇਮ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਰਨਾ, ਉਹਨਾਂ ਨਾਲ ਦੋਸਤਾਨਾ ਰਿਸ਼ਤੇ ਕਾਇਮ ਕਰਨਾ ਅਤੇ ਇਨਕਲਾਬੀ ਨੌਜਵਾਨਾਂ ਦੀ ਅੰਤਰ-ਰਾਸ਼ਟਰੀ ਇੱਕਜੁਟਤਾ ਤੇ ਜ਼ੋਰ ਦੇਣਾ।

(xiv) ਸਾਮਰਾਜ ਅਤੇ ਪੂੰਜੀਵਾਦ ਦੇ ਵਿਰੁੱਧ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਵੱਖੋ-ਵੱਖਰੇ ਰੂਪਾਂ ਵਿੱਚ ਜਾਰੀ ਲੋਕਾਂ ਦੇ ਇਨਕਲਾਬੀ ਸੰਘਰਸ਼ਾਂ ਅਤੇ ਲਹਿਰਾਂ ਨੂੰ ਸਮਰਥਨ ਦੇਣਾ।

## ਧਾਰਾ—4

## ਬੁਨਿਆਦੀ ਪ੍ਰੋਗਰਾਮ

(i) ਆਮ ਨੌਜਵਾਨਾਂ ਦੇ ਜੀਵਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਠੋਸ ਰੂਪ ਵਿੱਚ ਸਮਝਣ ਲਈ ਸਮੇਂ-ਸਮੇਂ ਤੇ ਜਾਂਚ ਪੜਤਾਲ ਅਤੇ ਸਰਵੇਖਣ ਕਰਨਾ ਅਲੱਗ-ਅਲੱਗ ਇਲਾਕਿਆਂ ਵਿੱਚ ਅਧਿਐਨ ਦਲ ਭੇਜਣਾ। ਆਪਣੇ ਪ੍ਰੋਗਰਾਮ ਅਤੇ ਸਮਕਾਲੀ ਬਾਹਰਮੁੱਖੀ ਹਾਲਤਾਂ ਦੇ ਅਧਿਐਨ ਦੇ ਅਧਾਰ ਤੇ ਨੌਜਵਾਨਾਂ ਦੀਆਂ ਮੰਗਾਂ, ਸਮੱਸਿਆਵਾਂ ਅਤੇ ਲੋੜਾਂ ਨੂੰ ਲੈ ਕੇ, ਹਾਲਤਾਂ, ਤਾਕਤ ਅਤੇ ਚੇਤਨਾ ਦੇ ਹਿਸਾਬ ਨਾਲ ਸੰਘਰਸ਼ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਕਰਨਾ।

(ii) ਜਿੱਥੇ ਕਿਤੇ ਵੀ ਜਥੇਬੰਦੀ ਦੀ ਇਕਾਈ ਮੌਜੂਦ ਹੈ, ਉੱਥੇ ਨੌਜਵਾਨਾਂ ਵਿਚਕਾਰ ਸਿਧਾਂਤਕ ਪ੍ਰਚਾਰ ਅਤੇ ਸਿੱਖਿਆ, ਅੰਦੋਲਨਾਤਮਕ ਪ੍ਰਚਾਰ ਅਤੇ ਇਨਸਾਫਸ਼ੁਦਾ ਮੰਗਾਂ ਨੂੰ ਲੈ ਕੇ ਸੰਘਰਸ਼ ਖੜਾ ਕਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰੱਖਣਾ।

(iii) ਆਪਣੇ ਟੀਚੇ ਅਤੇ ਉਦੇਸ਼ਾਂ ਦੇ ਅਨੁਰੂਪ, ਨੌਜਵਾਨਾਂ ਅਤੇ ਵਿਆਪਕ ਆਮ ਅਬਾਦੀ ਦੀਆਂ ਸਮੱਸਿਆਵਾਂ ਅਤੇ ਇਨਸਾਫਸ਼ੁਦਾ ਮੰਗਾਂ ਨੂੰ ਲੈ ਕੇ ਸੰਬੰਧਤ ਅਫਸਰਾਂ ਅਤੇ ਸਰਕਾਰ ਦੇ ਸਾਹਮਣੇ ਲਗਾਤਾਰ ਰੱਖਦੇ ਰਹਿਣਾ ਅਤੇ ਸਥਾਨਕ ਤੋਂ ਲੈ ਕੇ ਇਲਾਕਾਈ ਅਤੇ ਫਿਰ ਵੱਡੇ ਤੋਂ ਵੱਡੇ ਪੱਧਰ ਤੇ ਜੁਝਾਰੂ ਨੌਜਵਾਨ ਲਹਿਰ ਅਤੇ ਜੁਝਾਰੂ ਲੋਕ ਲਹਿਰ ਖੜੀ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲਗਾਤਾਰ ਜੁਟੇ ਰਹਿਣਾ।

(iv) ਸਿੱਖਿਆ ਜਗਤ ਨਾਲ ਸੰਬੰਧਿਤ ਮੰਗਾਂ ਤੇ ਅੰਦੋਲਨ ਕਰ ਰਹੇ ਵਿਦਿਆਰਥੀਆਂ ਨੂੰ ਸਰਗਰਮ ਸਮਰਥਨ ਦੇਣਾ। ਰੋਜਗਾਰ ਅਤੇ ਸਿੱਖਿਆ ਦੀਆਂ ਮੰਗਾਂ ਤੇ ਕ੍ਰਮਵਾਰ ਜ਼ਿਆਦਾ ਤੋਂ ਜ਼ਿਆਦਾ ਵਿਆਪਕ ਅਤੇ ਜ਼ਿਆਦਾ ਤੋਂ ਜ਼ਿਆਦਾ ਜੁਝਾਰੂ ਵਿਦਿਆਰਥੀ ਨੌਜਵਾਨ ਲਹਿਰ ਖੜ੍ਹੀ ਕਰਨ ਦੀ ਦਿਸ਼ਾ ਵਿਚ ਯਤਨ ਜਾਰੀ ਰੱਖਣਾ।

(v) ਆਪਣੇ ਕਾਰਜ ਖੇਤਰ ਅਤੇ ਪ੍ਰਭਾਵ ਖੇਤਰ ਵਿਚ ਆਪ ਮੁਹਾਰੇ ਢੰਗ ਨਾਲ, ਇਨਸਾਫਸ਼ੁਦਾ ਮੰਗਾਂ ਨੂੰ ਲੈ ਕੇ ਉੱਠ ਖੜੇ ਹੋਏ ਨੌਜਵਾਨਾਂ, ਵਿਦਿਆਰਥੀਆਂ ਅਤੇ ਆਮ ਜਨਤਾ ਦੇ ਕਿਸੇ ਵੀ ਸੰਘਰਸ਼ ਦਾ ਸਮਰਥਨ ਕਰਨਾ ਅਤੇ ਉਸ ਵਿੱਚ ਸਰਗਰਮ ਹਿੱਸੇਦਾਰੀ ਕਰਦੇ ਹੋਏ ਸਹੀ ਦਿਸ਼ਾ ਵਿੱਚ ਅੱਗੇ ਵਧਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨਾ। ਇਨਸਾਫਸ਼ੁਦਾ ਮੰਗਾਂ ਨੂੰ ਲੈ ਕੇ ਜਾਰੀ ਸੰਘਰਸ਼ਾਂ ਵਿੱਚ ਸਰਗਰਮ ਲੋਕ ਪੱਖੀ ਤਾਕਤਾਂ ਦੇ ਨਾਲ ਘੱਟੋ-ਘੱਟ ਆਮ ਸਹਿਮਤੀ ਦੇ ਅਧਾਰ ਤੇ ਸਾਂਝਾ ਮੋਰਚਾ ਬਨਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨਾ।

(vi ) ਪ੍ਰੋਗਰਾਮ ਜਾਂ ਨੌਜਵਾਨ ਲਹਿਰ ਦੀ ਦਿਸ਼ਾ ਦੇ ਬਾਰੇ ਵਿੱਚ ਮੱਤਭੇਦਾਂ ਦੇ ਬਾਵਜੂਦ ਸਾਰੀਆਂ ਭਰਾਤਰੀ ਇਨਕਲਾਬੀ ਨੌਜਵਾਨ ਜਥੇਬੰਦੀਆਂ ਦੇ ਨਾਲ ਅਤੇ ਇਨਕਲਾਬੀ ਵਿਦਿਆਰਥੀ ਜਥੇਬੰਦੀਆਂ ਦੇ ਨਾਲ ਸਾਂਝਾ ਮੋਰਚਾ ਅਤੇ ਸਾਂਝੀਆਂ ਕਾਰਵਾਈਆਂ ਲਈ ਲਗਾਤਾਰ ਯਤਨਸ਼ੀਲ ਰਹਿਣਾ ਅਤੇ ਇਨਕਲਾਬੀ ਜੱਥੇਬੰਦੀਆਂ ਦੀ ਦੇਸ਼ ਵਿਆਪੀ ਇੱਕਜੁੱਟਤਾ ਲਈ ਲਗਾਤਾਰ ਯਤਨਸ਼ੀਲ ਰਹਿਣਾ।

(vii) ਆਪਣੇ ਕਾਰਜ ਖੇਤਰ ਦੀਆਂ ਲੋਕ ਸਮੱਸਿਆਵਾਂ ਨੂੰ ਲੈ ਕੇ ਆਪਣੀ ਪਹਿਲ ਤੇ ਸੰਘਰਸ਼ ਜਥੇਬੰਦ ਕਰਨਾ, ਉਠ ਖੜੇ ਹੋਏ ਸੰਘਰਸ਼ਾਂ ਵਿੱਚ ਹਿੱਸੇਦਾਰੀ ਕਰਨਾ ਅਤੇ ਲੋਕਾਂ ਦੇ ਵੱਖ-ਵੱਖ ਵਰਗਾਂ ਅਤੇ ਤਬਕਿਆਂ ਦੀ ਨੁਮਾਇੰਦਗੀ ਕਰਨ ਵਾਲੀਆਂ, ਸੰਘਰਸ਼ਸ਼ੀਲ ਤਾਕਤਾਂ ਦੇ ਨਾਲ ਮੁੱਦਿਆਂ ਦੇ ਅਧਾਰ ਤੇ ਸਾਂਝਾ ਮੋਰਚਾ ਬਨਾਉਣ ਦੀ ਕੋਸ਼ਿਸ਼ ਕਰਨਾ। ਇਨਕਲਾਬੀ ਜਨਤਕ ਜਥੇਬੰਦੀਆਂ ਦੇ ਨਾਲ ਹਾਲਾਤ ਦੇ ਅਨੁਸਾਰ ਮੁੱਦਿਆਂ ਦੇ ਅਧਾਰ ਤੇ ਲੰਮੇ ਸਮੇਂ ਜਾ ਥੋੜੇ ਸਮੇਂ ਦਾ ਸਾਂਝਾ ਮੋਰਚਾ ਬਨਾਉਣ ਦੀ ਕੋਸ਼ਿਸ਼ ਕਰਨਾ।

(viii) ਆਪਣੇ ਉਦੇਸ਼ ਅਤੇ ਪ੍ਰੋਗਰਾਮ ਦਾ ਪਰਚਿਆਂ, ਕਿਤਾਬਾਂ, ਨੁੱਕੜ ਮੀਟਿੰਗਾਂ, ਘਰ-ਘਰ ਪਹੁੰਚ ਕਰਨ, ਪੈਦਲਯਾਤਰਾਵਾਂ ਆਦਿ ਦੇ ਦੁਆਰਾ ਵਿਆਪਕ ਪ੍ਰਚਾਰ ਕਰਨਾ, ਮੈਂਬਰਸ਼ਿਪ ਮੁਹਿੰਮ ਚਲਾਉਣਾ ਅਤੇ ਜੁਝਾਰੂ, ਸਮਝਦਾਰ ਅਤੇ ਸਰਗਰਮ ਨੌਜਵਾਨਾਂ ਨੂੰ ਲੈ ਕੇ ਬੁਨਿਆਦੀ ਇਕਾਈਆਂ ਸੰਗਠਿਤ ਕਰਨਾ।

(ix) ਆਪਣੇ ਉਦੇਸ਼ ਅਤੇ ਪ੍ਰੋਗਰਾਮ ਨੂੰ ਸਪੱਸ਼ਟ ਕਰਨ ਅਤੇ ਵਿਆਪਕ ਤੋਂ ਵਿਆਪਕ ਪੱਧਰ ਤੇ ਨੌਜਵਾਨਾਂ ਦੀ ਚੇਤਨਾ ਦੇ ਇਨਕਲਾਬੀਕਰਨ ਲਈ ਪਰਚਿਆਂ—ਲੀਫ ਲੈਟਾਂ, ਕਿਤਾਬਾਂ ਅਤੇ ਮੈਗਜ਼ੀਨਾਂ ਦਾ ਪ੍ਰਕਾਸ਼ਨ, ਲਾਈਬ੍ਰੇਰੀਆਂ ਦੀ ਸਥਾਪਨਾ ਕਰਨਾ, ਸੱਟਡੀ ਸਰਕਲ, ਬਹਿਸਾਂ, ਸੈਮੀਨਾਰਾਂ ਅਤੇ ਪ੍ਰਗਤੀਸ਼ੀਲ ਬੁਧੀਜੀਵਿਆਂ ਦੇ ਲੈਕਚਰਾਂ ਦਾ ਅਯਜੋਨ ਕਰਨਾ।



(x) ਨੌਜਵਾਨਾਂ ਦੇ ਸੱਭਿਆਚਾਰਕ ਪੱਧਰ ਨੂੰ ਉੱਚਾ ਚੁੱਕਣ ਲਈ ਨੌਜਵਾਨ ਲਹਿਰ ਦੇ ਪ੍ਰਚਾਰਾਤਮਕ ਕਾਰਜਾਂ ਵਿੱਚ ਸੱਭਿਆਚਾਰ ਦੇ ਔਜ਼ਾਰ ਨੂੰ ਜ਼ਿਆਦਾ ਤੋਂ ਜ਼ਿਆਦਾ ਪ੍ਰਭਾਵੀ ਬਨਾਉਣ ਲਈ, ਸੱਭਿਆਚਾਰਕ ਕੈਂਪਾਂ, ਵਰਕਸ਼ਾਪਾਂ ਆਦਿ ਦਾ ਆਯੋਜਨ ਕਰਨਾ।

(xi) ਨੌਜਵਾਨਾਂ ਦੇ ਵਿਚਕਾਰ ਅਤੇ ਪੂਰੇ ਸਮਾਜ ਵਿੱਚ ਇਨਕਲਾਬੀ ਪ੍ਰਚਾਰ ਲਈ ਅਤੇ ਸੱਭਿਆਚਾਰਕ ਕਾਰਜਾਂ ਨੂੰ ਬਲ ਪ੍ਰਦਾਨ ਕਰਨ ਲਈ ਸੱਭਿਆਚਾਰਕ ਪ੍ਰਚਾਰ ਯਾਤਰਾਵਾਂ ਅਤੇ ਸੱਭਿਆਚਾਰਕ ਮੁਹਿੰਮਾਂ ਆਯੋਜਿਤ ਕਰਨਾ, ਨਾਟਕ ਟੋਲੀਆਂ, ਗਾਇਨ ਟੋਲੀਆਂ ਅਤੇ ਸੱਭਿਆਚਾਰਕ ਪ੍ਰਚਾਰ ਦਸਤੇ ਜੱਥਬੰਦ ਕਰਨਾ ਅਤੇ ਵੱਖੋ-ਵੱਖਰੇ ਸੱਭਿਆਚਾਰਕ ਆਯੋਜਨ ਕਰਨਾ।

(xii) ਲੋਕਾਂ ਦੇ ਨਾਲ ਘੁਲ-ਮਿਲ ਜਾਣ, ਉਸਦੀ ਸੇਵਾ ਕਰਨ, ਉਨ੍ਹਾਂ ਤੋਂ ਸਿੱਖਣ ਅਤੇ ਕਿਰਤ ਸੱਭਿਆਚਾਰ ਨੂੰ ਅਪਨਾਉਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਅਤੇ ਇਨਕਲਾਬੀ ਨੌਜਵਾਨ ਲਹਿਰ ਨੂੰ ਵਿਆਪਕ ਮਿਹਨਤਕਸ਼ ਅਬਾਦੀ ਨਾਲ ਜੋੜ ਦੇਣ ਨਾਲ ਸ਼ਹਿਰੀ ਮਜ਼ਦੂਰਾਂ ਅਤੇ ਪਿੰਡਾਂ ਦੇ ਗਰੀਬਾਂ ਦੇ ਵਿਚਕਾਰ ਰਾਤਰੀ-ਸਕੂਲਾਂ, ਬਾਲ ਸਿੱਖਿਆ ਪ੍ਰੋਗਰਾਮ, ਸਫਾਈ ਮੁਹਿੰਮ, ਸਿਹਤ ਅਤੇ ਡਾਕਟਰੀ ਕੈਂਪਾਂ ਦਾ ਆਯੋਜਨ ਕਰਨਾ। ਇਸਤਰੀਆਂ ਦੀ ਸਿੱਖਿਆ ਅਤੇ ਸਮਾਜਿਕ-ਸਿਆਸੀ ਕਾਰਵਾਈਆਂ ਵਿੱਚ ਉਹਨਾਂ ਦੀ ਹਿੱਸੇਦਾਰੀ ਵਧਾਉਣ ਦੇ ਉਦੇਸ਼ ਨਾਲ ਅਲੱਗ-ਅਲੱਗ ਤਰਾਂ ਦੇ ਪ੍ਰੋਗਰਾਮ ਆਯੋਜਿਤ ਕਰਨਾ।

(xiii) ਸ਼ਰਾਬ ਬੰਦੀ ਮੁਹਿੰਮ, ਦਹੇਜ-ਵਿਰੋਧੀ ਮੁਹਿੰਮ, ਜਾਤ-ਪਾਤ ਵਿਰੋਧੀ ਮੁਹਿੰਮ, ਧਾਰਮਿਕ ਅੰਧਵਿਸ਼ਵਾਸ਼ ਅਤੇ ਰੂੜ੍ਹੀਆਂ ਵਿਰੋਧੀ ਮੁਹਿੰਮ, ਔਰਤ-ਜਬਰ ਵਿਰੋਧੀ ਮੁਹਿੰਮ ਆਦਿ ਨੂੰ ਜੁਝਾਰੂ ਸਮਾਜਿਕ ਲਹਿਰ ਦੇ ਰੂਪ ਵਿੱਚ ਜਥੇਬੰਦ ਕਰਨਾ। ਆਪਣੇ ਜੀਵਨ ਤੋਂ ਮਿਸਾਲ ਪੇਸ਼ ਕਰਕੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ, ਔਰਤਾਂ ਤੇ ਹੁੰਦੇ ਜਬਰ ਦੀ ਘਟਨਾਵਾਂ ਦਾ ਜਥੇਬੰਦ ਟਾਕਰਾ ਕਰਨਾ, ਜਾਤ-ਪਾਤ ਤੋੜਕ ਸਮੂਹਿਕ ਭੋਜ ਅਤੇ ਸਮੂਹਿਕ ਵਿਆਹ ਪ੍ਰੋਗਰਾਮ ਆਦਿ ਦਾ ਆਯੋਜਨ ਕਰਨਾ।

(xiv) ਨੌਜਵਾਨਾਂ ਦੇ ਵਿਚਕਾਰ ਜਾਗਰੂਕਤਾ, ਜਿੰਦਾਦਿਲੀ, ਅਨੁਸ਼ਾਸਨ, ਸਮੂਹਿਕਤਾ, ਸਮਾਜਿਕਤਾ, ਸਿਹਤ ਚੇਤਨਾ ਅਤੇ ਸਿਰਜਣਾਤਮਕਤਾ ਨੂੰ ਵਧਾਉਣ ਲਈ ਖੇਡ ਪ੍ਰੋਗਰਾਮਾਂ, ਸਰੀਰਕ ਸਿੱਖਿਆ ਅਤੇ ਕਸਰਤਾਂ, ਸੈਰ ਸਪਾਟੇ ਦੇ ਪ੍ਰੋਗਰਾਮ ਆਦਿ ਦਾ ਆਯੋਜਨ ਕਰਨਾ। ਨੌਜਵਾਨਾਂ ਦੇ ਵਲੰਟੀਅਰ ਦਸਤੇ ਜਥੇਬੰਦ ਕਰਨਾ।

(xv) ਹੜ੍ਹ, ਸੋਕਾ, ਭੁਚਾਲ ਵਰਗੀਆਂ ਕੁਦਰਤੀ ਆਫਤਾਂ ਅਤੇ ਮਹਾਂਮਾਰੀਆਂ ਦੇ ਸਮੇਂ ਮੁਹਿੰਮ ਚਲਾ ਕੇ ਵਿਆਪਕ ਸਹਿਯੋਗ ਜੁਟਾਉਣਾ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਵਲੰਟੀਅਰਾਂ ਦੀਆਂ ਟੋਲੀਆਂ ਭੇਜਣਾ। ਫਿਰਕੂ ਅਤੇ ਜਾਤੀਗਤ ਦੰਗਿਆਂ ਵਿੱਚ

ਜਾਂ ਦਲਿਤ ਜਬਰ ਦੀਆਂ ਘਟਨਾਵਾਂ ਵਿੱਚ ਜਬਰ ਦੇ ਸ਼ਿਕਾਰ ਬਣੇ ਲੋਕਾਂ ਦੇ ਪੱਖ ਵਿੱਚ ਅਤੇ ਉਹਨਾਂ ਦੀ ਸੁਰੱਖਿਆ ਲਈ ਡਟ ਕੇ ਖੜ੍ਹੇ ਹੋਣਾ ਅਤੇ ਆਮ ਸਥਿਤੀ ਬਹਾਲ ਕਰਨ ਵਿੱਚ ਤਾਕਤ ਲਗਾਉਣਾ।

(xvi) ਖੇਤਰੀ ਤੋਂ ਲੈ ਕੇ ਕੌਮੀ ਪੱਧਰ ਤੱਕ ਅਲੱਗ-ਅਲੱਗ ਸਵਾਲਾਂ ਨੂੰ ਲੈ ਕੇ ਨੌਜਵਾਨਾਂ ਦੇ ਸੰਮੇਲਨ, ਸੈਮੀਨਾਰ ਆਦਿ ਦਾ ਆਯੋਜਨ ਕਰਨਾ ਅਤੇ ਅਲੱਗ-ਅਲੱਗ ਮਸਲਿਆਂ ਤੇ ਪ੍ਰਚਾਰ ਅਤੇ ਸੰਘਰਸ਼ ਲਈ ਕਾਰਜ ਯੋਜਨਾ ਤਿਆਰ ਕਰਨਾ।

(xvii) ਕੌਮੀ ਅਤੇ ਕੌਮਾਂਤਰੀ ਨੌਜਵਾਨ-ਵਿਦਿਆਰਥੀ ਸੰਮੇਲਨਾਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਜ਼ਰੂਰਤ ਅਤੇ ਉਪਯੋਗਤਾ ਅਨੁਸਾਰ ਪ੍ਰਤੀਨਿਧ ਮੰਡਲ ਭੇਜਣਾ।

### ਧਾਰਾ—5

## ਮੈਂਬਰਸ਼ਿਪ

### ਉੱਪ ਧਾਰਾ—1.

### ਮੈਂਬਰਸ਼ਿਪ ਦੀਆਂ ਸ਼ਰਤਾਂ

(i) ਪੰਦਰਾਂ ਤੋਂ ਚਾਲੀ ਸਾਲ ਦੇ ਵਿਚਕਾਰ ਦੀ ਉਮਰ ਦਾ ਕੋਈ ਵੀ ਭਾਰਤੀ ਨੌਜਵਾਨ (ਔਰਤ ਜਾਂ ਮਰਦ) ਚਾਹੇ ਉਹ ਕਿਸੇ ਵੀ ਕੌਮੀਅਤ, ਧਰਮ, ਜਾਤ ਜਾਂ ਨਸਲ ਦਾ ਹੋਵੇ, ਚਾਹੇ ਉਸਦੀ ਮਾਂ ਬੋਲੀ ਕੁੱਝ ਵੀ ਹੋਏ, ਜੇਕਰ ਨੌਜਵਾਨ ਭਾਰਤ ਸਭਾ ਦੇ ਐਲਾਨਨਾਮੇ ਅਤੇ ਸੰਵਿਧਾਨ ਨੂੰ ਪ੍ਰਵਾਨ ਕਰਦਾ ਹੈ, ਨਿਯਮਿਤ ਰੂਪ ਨਾਲ ਇਸਦੀ ਸਲਾਨਾ ਮੈਂਬਰਸ਼ਿਪ ਫੀਸ ਦਿੰਦਾ ਹੈ ਅਤੇ ਜਥੇਬੰਦੀ ਦੇ ਟੀਚਿਆਂ ਅਤੇ ਉਦੇਸ਼ ਦੀ ਪੂਰਤੀ ਦੇ ਲਈ ਐਲਾਨੀਆ ਪ੍ਰੋਗਰਾਮ ਦੇ ਅਨੁਸਾਰ ਕੰਮ ਕਰਦਾ ਹੈ ਤਾਂ ਉਸਨੂੰ ਜਥੇਬੰਦੀ ਦੀ ਮੈਂਬਰਸ਼ਿਪ ਦਿੱਤੀ ਜਾ ਸਕਦੀ ਹੈ।

(ii) ਜਥੇਬੰਦੀ ਦੀ ਸਲਾਨਾ ਮੈਂਬਰਸ਼ਿਪ ਫੀਸ ਦਸ ਰੁਪਏ ਹੋਵੇਗੀ।

(iii) ਮੈਂਬਰਸ਼ਿਪ ਆਮ ਤੌਰ ਤੇ ਇੱਕ ਕਲੰਡਰ ਸਾਲ ਦੇ ਲਈ ਹੋਵਗੀ।

(iv) ਹਰ ਇੱਕ ਮੈਂਬਰ ਨੂੰ ਅਜਿਹੀ ਕਿਸੇ ਜਥੇਬੰਦੀ ਜਾਂ ਮੰਚ ਦਾ ਮੈਂਬਰ ਬਨਣ ਦੀ ਖੁੱਲ੍ਹ ਹੋਵੇਗੀ, ਜਿਸਦੇ ਉਦੇਸ਼ ਵਿਆਪਕ ਜਨਤਾ ਦੇ ਹਿੱਤ ਨਾਲ ਅਤੇ ਨੌਜਵਾਨ ਭਾਰਤ ਸਭਾ ਦੇ ਉਦੇਸ਼ਾ ਨਾਲ ਨਾ ਟਕਰਾਉਂਦੇ ਹੋਣ।

### ਉੱਪ ਧਾਰਾ—2

### ਮੈਂਬਰ ਦੇ ਅਧਿਕਾਰ

(i) ਹਰ ਇੱਕ ਮੈਂਬਰ ਨੂੰ ਬਿਨਾਂ ਕਿਸੇ ਦਬਾਅ ਜਾਂ ਸ਼ਰਤ ਦੇ, ਜਥੇਬੰਦਕ ਚੋਣਾਂ ਵਿਚ ਨੁਮਾਇੰਦੇ ਚੁਣਨ ਜਾਂ ਚੁਣੇ ਜਾਣ ਦਾ ਅਧਿਕਾਰ ਹੋਵੇਗਾ।

(ii) ਹਰ ਇੱਕ ਮੈਂਬਰ ਨੂੰ ਆਪਣੇ ਅਹੁਦੇ ਜਾਂ ਜਥੇਬੰਦੀ ਦੀ ਮੈਂਬਰਸ਼ਿਪ ਤੋਂ ਅਸਤੀਫਾ



ਦੇਣ ਦਾ ਅਧਿਕਾਰ ਹੋਵੇਗਾ।

(iii) ਹਰ ਇੱਕ ਮੈਂਬਰ ਨੂੰ ਸਥਾਨਕ ਲੀਡਰਸ਼ਿਪ ਦੇ ਸਾਹਮਣੇ ਆਪਣੀ ਗੱਲ ਰੱਖਣ ਦਾ ਅਧਿਕਾਰ ਹੋਵੇਗਾ। ਉਸਨੂੰ ਵਿਚਕਾਰ ਦੀਆਂ ਕਮੇਟੀਆਂ ਦੇ ਮਾਧਿਅਮ ਰਾਹੀਂ ਜਾਂ ਸਿੱਧੇ ਹੀ ਕੇਂਦਰੀ ਲੀਡਰਸ਼ਿਪ ਤੱਕ ਆਪਣੀ ਗੱਲ ਪਹੁੰਚਾਉਣ ਦਾ, ਆਪਣੇ ਸੁਝਾਅ ਦੇਣ ਜਾਂ ਮੱਤਭੇਦ ਰੱਖਣ ਦਾ ਅਧਿਕਾਰ ਹੋਏਗਾ।

### ਉੱਪ ਧਾਰਾ—3

### ਮੈਂਬਰਾਂ ਦੇ ਫਰਜ ਤੇ ਜਿੰਮੇਵਾਰੀਆਂ

(i) ਜਥੇਬੰਦੀ ਦੇ ਐਲਾਨਨਾਮੇ ਅਨੁਸਾਰ, ਜਥੇਬੰਦੀ ਦੇ ਉਦੇਸ਼ਾਂ ਅਤੇ ਟੀਚਿਆਂ ਦੀ ਪੂਰਤੀ ਲਈ ਕੰਮ ਕਰਨਾ, ਇਹਨਾਂ ਦਾ ਵਿਆਪਕ ਪ੍ਰਚਾਰ-ਪ੍ਰਸਾਰ ਕਰਨਾ ਇਸਦੇ ਪ੍ਰੋਗਰਾਮ ਨੂੰ ਅਮਲ ਵਿੱਚ ਲਿਆਉਣਾ ਅਤੇ ਇਸਦੇ ਪ੍ਰੋਗਰਾਮਾਂ ਅਤੇ ਸੰਘਰਸ਼ਾਂ ਵਿੱਚ ਹਿੱਸਾ ਲੈਣਾ ਹਰ ਇੱਕ ਮੈਂਬਰ ਦਾ ਫਰਜ ਹੋਵੇਗਾ।

(ii) ਕੇਂਦਰੀ ਸੰਮੇਲਨ ਜਾਂ ਉਸ ਤੋਂ ਹੇਠਲੇ ਪੱਧਰ ਦੇ ਸੰਮੇਲਨ ਅਤੇ ਉਪਰਲੇ ਦਰਜੇ ਦੀਆਂ ਕਮੇਟੀਆਂ ਦੇ ਫੈਸਲਿਆਂ ਨੂੰ ਲਾਗੂ ਕਰਨਾ ਹਰ ਇੱਕ ਮੈਂਬਰ ਦਾ ਫਰਜ਼ ਹੋਵੇਗਾ।

(iii) ਸੰਬੰਧਿਤ ਇਕਾਈ ਜਾਂ ਕਮੇਟੀ ਦੇ ਬਹੁਮਤ ਦੁਆਰਾ ਪਾਸ ਕੀਤੇ ਫੈਸਲੇ ਨੂੰ ਲਾਗੂ ਕਰਨਾ ਹਰ ਇੱਕ ਮੈਂਬਰ ਦਾ ਫਰਜ਼ ਹੋਵੇਗਾ।

(iv) ਹਰ ਇੱਕ ਮੈਂਬਰ ਦਾ ਇਹ ਫਰਜ਼ ਹੋਵੇਗਾ ਕਿ ਉਹ ਜਥੇਬੰਦੀ ਦੀਆਂ ਪ੍ਰਕਾਸ਼ਨਾਵਾਂ ਨੂੰ ਪੜ੍ਹੇ ਅਤੇ ਉਹਨਾਂ ਨੂੰ ਹਰਮਨ ਪਿਆਰਾ ਬਣਾਵੇ।

(v) ਹਰ ਇੱਕ ਮੈਂਬਰ ਦਾ ਇਹ ਫਰਜ਼ ਹੋਵੇਗਾ ਕਿ ਉਹ ਇੱਕ ਸੱਚੇ ਇਨਕਲਾਬੀ ਕਾਰਕੁੰਨ ਦੀ ਤਰਾਂ ਸਾਦਾ, ਸਖਤ ਮਿਹਨਤੀ, ਅਨੁਸ਼ਾਸਿਤ ਅਤੇ ਉੱਚ ਨੈਤਿਕ ਆਦਰਸ਼ਾਂ ਵਾਲਾ ਜੀਵਨ ਬਿਤਾਏ, ਜਨਤਾ ਦੀ ਸੇਵਾ ਕਰੇ ਅਤੇ ਅਜਿਹਾ ਕੋਈ ਕੰਮ ਨਾ ਕਰੇ ਜੋ ਜਥੇਬੰਦੀ ਦੇ ਹਿੱਤਾਂ ਅਤੇ ਅਸੂਲਾਂ ਦੇ ਉਲਟ ਹੋਵੇ।

(vi) ਹਰ ਇੱਕ ਮੈਂਬਰ ਦਾ ਫਰਜ਼ ਹੈ ਕਿ ਉਹ ਅਜਿਹੀ ਕਿਸੇ ਸਿਆਸੀ-ਸਮਾਜਿਕ, ਸੱਭਿਆਚਾਰਕ ਗਤੀਵਿਧੀ ਵਿੱਚ ਹਿੱਸਾ ਨਾ ਲਵੇ, ਜੋ ਜਥੇਬੰਦੀ ਦੇ ਉਦੇਸ਼ ਅਤੇ ਪ੍ਰੋਗਰਾਮ ਦੇ ਉਲਟ ਹੋਵੇ।

### ਧਾਰਾ—6

## ਜਥੇਬੰਦਕ ਨਿਯਮ ਅਤੇ ਜਥੇਬੰਦੀ ਦਾ ਢਾਂਚਾ

### ਉੱਪ ਧਾਰਾ—1.

### ਜਥੇਬੰਦਕ ਨਿਯਮ

(i) ਜਥੇਬੰਦੀ ਦੇ ਹਰ ਪੱਧਰ ਤੇ ਵਿਅਕਤੀ ਸਮੂਹ ਦੇ ਮਾਤਹਿੱਤ ਹੋਵੇਗਾ।

(ii) ਹੇਠਲੀ ਕਮੇਟੀ ਉੱਪਰਲੀ ਕਮੇਟੀ ਦੇ ਮਾਤਹਿੱਤ ਹੋਵੇਗੀ।

(iii) ਸਮੁੱਚੀ ਜਥੇਬੰਦੀ ਕੇਂਦਰੀ ਪ੍ਰੀਸ਼ਦ ਦੇ ਮਾਤਹਿਤ ਹੋਵੇਗੀ।

### ਉੱਪ ਧਾਰਾ—2.

### ਜਥੇਬੰਦਕ ਢਾਂਚਾ

(i) ਕੇਂਦਰੀ ਸੰਮੇਲਨ

(ii) ਕੇਂਦਰੀ ਪ੍ਰੀਸ਼ਦ

(iii) ਕੇਂਦਰੀ ਕਾਰਜਕਾਰਣੀ

(iv) ਰਾਜਾਂ ਅਤੇ ਨਿਸ਼ਚਿਤ ਏਰੀਏ ਦੇ ਅਧਾਰ ਤੇ ਜਥੇਬੰਦ ਇਕਾਈਆਂ ਅਤੇ ਉਹਨਾਂ ਦੀਆਂ ਕਮੇਟੀਆਂ।

(v) ਬੁਨਿਆਦੀ ਇਕਾਈਆਂ।

### ਧਾਰਾ—7

## ਜਥੇਬੰਦੀ ਦੀ ਕਾਰਜ ਪ੍ਰਣਾਲੀ ਅਤੇ ਕਮੇਟੀਆਂ ਅਤੇ ਅਹੁਦੇਦਾਰਾਂ ਦੇ ਅਧਿਕਾਰ ਤੇ ਕਰਤੱਵ

### ਉੱਪ ਧਾਰਾ-1

### ਕੇਂਦਰੀ ਸੰਮੇਲਨ

(i) ਕੇਂਦਰੀ ਸੰਮੇਲਨ ਜਥੇਬੰਦੀ ਦੀ ਸਭ ਤੋਂ ਉੱਚੀ ਕਮੇਟੀ ਹੋਵੇਗੀ।

(ii) ਕੇਂਦਰੀ ਸੰਮੇਲਨ ਆਮ ਤੌਰ ਤੇ . ਹਰ ਤਿੰਨ ਸਾਲ ਵਿੱਚ ਹੋਵੇਗਾ।

(iii) ਕੇਂਦਰੀ ਸੰਮੇਲਨ ਦਾ ਸਮਾਂ, ਸਥਾਨ ਅਤੇ ਕਾਰਜ ਸੂਚੀ ਦਾ ਨਿਰਧਾਰਣ ਕੇਂਦਰੀ ਪ੍ਰੀਸ਼ਦ ਕਰੇਗੀ।

(iv) ਕੇਂਦਰੀ ਪ੍ਰੀਸ਼ਦ ਦੁਆਰਾ ਕਿਸੇ ਵਿਸ਼ੇਸ਼ ਹਾਲਤ ਵਿੱਚ ਲੋੜ ਅਨੁਭਵ ਕਰਦੇ ਹੋਏ ਜਾਂ ਜਥੇਬੰਦੀ ਦੀ ਕਿਸੇ ਇੱਕ ਪੱਧਰ ਦੀਆਂ ਸੱਠ ਫੀਸਦੀ ਜਾਂ **ਜ਼ਿਆਦਾ ਕਮੇਟੀਆਂ ਜਾਂ ਸੱਠ ਪ੍ਰਤੀਸ਼ਤ ਜਾਂ ਜ਼ਿਆਦਾ ਬੁਨਿਆਦੀ** ਇਕਾਈਆਂ ਜਾਂ ਸੱਠ ਪ੍ਰਤੀਸ਼ਤ ਮੈਂਬਰਾਂ ਦੀ ਮੰਗ ਤੇ ਕਦੇ ਵੀ ਜਥੇਬੰਦੀ ਦਾ ਵਿਸ਼ੇਸ਼ ਸੰਮੇਲਨ ਬੁਲਾਇਆ ਜਾ ਸਕਦਾ ਹੈ।

(v) ਆਮ ਤੌਰ ਤੇ ਕੇਂਦਰੀ ਪ੍ਰੀਸ਼ਦ ਦੁਆਰਾ ਕੇਂਦਰੀ ਸੰਮੇਲਨ ਦੀ ਨੋਟੀਫਿਕੇਸ਼ਨ ਤਿੰਨ ਮਹੀਨੇ ਪਹਿਲਾਂ ਜਾਰੀ ਕੀਤੀ ਜਾਵੇਗੀ। ਵਿਸ਼ੇਸ਼ ਹਾਲਤਾਂ ਵਿੱਚ ਇਹ ਸਮਾਂ 45 ਦਿਨ ਦਾ ਹੋ ਸਕਦਾ ਹੈ। ਵਿਸ਼ੇਸ਼ ਸੰਮੇਲਨ ਦੀ ਨੋਟੀਫਿਕੇਸ਼ਨ ਕੇਂਦਰੀ ਪ੍ਰੀਸ਼ਦ ਦੁਆਰਾ ਘੱਟ ਤੋਂ ਘੱਟ 30 ਦਿਨ ਪਹਿਲਾਂ ਜਾਰੀ ਕੀਤੀ ਜਾਵੇਗੀ।

(vi) ਸੰਮੇਲਨ ਦੇ ਲਈ ਨੁਮਾਇੰਦਿਆਂ ਦੀ ਚੋਣ ਸਾਰੀਆਂ ਬੁਨਿਆਦੀ ਇਕਾਈਆਂ ਦੁਆਰਾ ਕੀਤੀ ਜਾਵੇਗੀ। ਪ੍ਰਤੀਨਿਧੀ ਚੋਣ ਦੇ ਸਮਾਨ ਅਨੁਪਾਤਿਕ ਮਾਪਦੰਡ (ਯਾਨਿ



ਕਿੰਨੇ ਮੈਂਬਰਾਂ ਤੇ ਇੱਕ ਨੁਮਾਇੰਦਗੀ ਚੁਣਿਆ ਜਾਏ) ਦਾ ਨਿਰਧਾਰਣ ਕੇਂਦਰੀ ਪ੍ਰੀਸ਼ਦ ਕਰੇਗੀ।

(vii) ਕੇਂਦਰੀ ਪ੍ਰੀਸ਼ਦ ਦੇ ਸਾਰੇ ਮੈਂਬਰ ਆਪਣੇ ਅਹੁਦਿਆਂ ਕਾਰਨ ਡੈਲੀਗੇਟ ਹੋਣਗੇ, ਜਿਹਨਾਂ ਨੂੰ ਵੋਟ ਦੇਣ ਦਾ ਅਧਿਕਾਰ ਹੋਵੇਗਾ।

(viii) ਕੇਂਦਰੀ ਸੰਮੇਲਨ ਦਾ ਕਾਰਜ ਸਮਾਂ ਆਮ ਤੋਰ ਤੇ ਤਿੰਨ ਦਿਨ ਦਾ ਹੋਵੇਗਾ। ਵਿਸ਼ੇਸ਼ ਹਾਲਤਾਂ ਵਿੱਚ ਕੇਂਦਰੀ ਪ੍ਰੀਸ਼ਦ ਇਸ ਨੂੰ ਦੋ ਦਿਨ ਦਾ ਵੀ ਕਰ ਸਕਦੀ ਹੈ। ਵਿਸ਼ੇਸ਼ ਸੰਮੇਲਨ ਦਾ ਕਾਰਜ ਸਮਾਂ ਲੋੜ ਅਨੁਸਾਰ ਇੱਕ ਤੋਂ ਤਿੰਨ ਦਿਨਾਂ ਦਾ ਹੋ ਸਕਦਾ ਹੈ।

ਕੇਂਦਰੀ ਸੰਮੇਲਨ ਪਿਛਲੇ ਸੰਮੇਲਨ ਦੇ ਸਮੇਂ ਤੋਂ ਲੈ ਕੇ ਉਸ ਸਮੇਂ ਤੱਕ ਦੇ ਸਮੇਂ ਦੌਰਾਨ ਹੋਏ ਕੰਮਾਂ ਦੀ ਸਮੀਖਿਆ ਕਰੇਗਾ, ਭਵਿੱਖ ਦੇ ਲਈ ਨੀਤੀਆਂ ਤੇ ਪ੍ਰੋਗਰਾਮ ਤੈਅ ਕਰੇਗਾ, ਵਿੱਤੀ ਰਿਪੋਰਟ ਦਾ ਨਰੀਖਣ ਅਤੇ ਸਮੀਖਿਆ ਕਰੇਗਾ ਅਤੇ ਅਗਲੇ ਸੰਮੇਲਨ ਤੱਕ ਦੇ ਲਈ ਵਿੱਤੀ ਨੀਤੀਆਂ ਬਣਾਏਗਾ ਅਤੇ ਬਜਟ ਦਾ ਨਿਰਧਾਰਣ ਕਰੇਗਾ, ਕੇਂਦਰੀ ਪ੍ਰੀਸ਼ਦ ਦੀ ਚੋਣ ਕਰੇਗਾ ਅਤੇ ਲੋੜ ਮਹਿਸੂਸ ਕਰਨ ਤੇ ਸੰਵਿਧਾਨ ਵਿੱਚ ਸੋਧ ਕਰੇਗਾ।

### ਉੱਪ ਧਾਰਾ—2

### ਕੇਂਦਰੀ ਪ੍ਰੀਸ਼ਦ

(i) ਕੇਂਦਰੀ ਪ੍ਰੀਸ਼ਦ ਦੋ ਕੇਂਦਰੀ ਸੰਮੇਲਨਾਂ ਦੇ ਦਰਮਿਆਨ ਦੇ ਸਮੇਂ ਦੌਰਾਨ ਜਥੇਬੰਦੀ ਦੀ ਸਰਵ-ਉੱਚ ਨੀਤੀ ਨਿਰਧਾਰਕ ਕਮੇਟੀ ਹੋਵੇਗੀ।

(ii) ਕੇਂਦਰੀ ਪ੍ਰੀਸ਼ਦ ਦੀ ਹਰ ਛੇ ਮਹੀਨੇ ਬਾਅਦ ਮੀਟਿੰਗ ਹੋਇਆ ਕਰੇਗੀ।

(iii) ਕੇਂਦਰੀ ਪ੍ਰੀਸ਼ਦ ਦੇ ਕੁੱਲ ਪੰਦਰਾਂ ਮੈਂਬਰ ਹੋਣਗੇ। ਕਿਸੇ ਮੈਂਬਰ ਦੀ ਬਰਖਾਸਤਗੀ, ਅਹੁਦਾ ਛੱਡਣਾ ਜਾਂ ਮੌਤ ਦੀ ਹਾਲਤ ਵਿੱਚ ਇਸ ਨੂੰ ਨਵੇਂ ਮੈਂਬਰ ਦੀ ਨਾਮਜ਼ਦਗੀ ਦਾ ਅਧਿਕਾਰ ਹੋਵੇਗਾ।

(iv) ਕੇਂਦਰੀ ਪ੍ਰੀਸ਼ਦ ਦੀ ਕਿਸੇ ਵੀ ਮੀਟਿੰਗ ਲਈ ਘਟੋ-ਘੱਟ ਨੌ ਮੈਂਬਰਾਂ ਦਾ ਕੋਰਮ ਪੂਰਾ ਹੋਣਾ ਜ਼ਰੂਰੀ ਹੋਵੇਗਾ।

(v) ਅਗਲੀ ਚੋਣ ਦੇ 48 ਘੰਟੇ ਦੇ ਅੰਦਰ ਕੇਂਦਰੀ ਪ੍ਰੀਸ਼ਦ ਦੁਆਰਾ ਕੇਂਦਰੀ ਕਾਰਜਕਾਰਨੀ ਦੀ ਚੋਣ ਜ਼ਰੂਰੀ ਹੋਵੇਗੀ।

### ਉੱਪ ਧਾਰਾ—3

### ਕੇਂਦਰੀ ਕਾਰਜਕਾਰਨੀ

(i) ਕੇਂਦਰੀ ਕਾਰਜਕਾਰਨੀ ਦੋ ਕੇਂਦਰੀ ਸੰਮੇਲਨਾਂ ਦਰਮਿਆਨ ਜਥੇਬੰਦੀ ਦੀ ਸਰਵ-ਉੱਚ ਕਾਰਜਕਾਰੀ ਕਮੇਟੀ ਹੋਵੇਗੀ।

(ii) ਕੇਂਦਰੀ ਕਾਰਜਕਾਰਨੀ ਦੇ ਕੁੱਲ ਸੱਤ ਮੈਂਬਰ ਹੋਣਗੇ, ਜਿਹਨਾਂ ਦੀ ਚੋਣ ਕੇਂਦਰੀ ਪ੍ਰੀਸ਼ਦ ਆਪਣੇ ਮੈਂਬਰਾਂ ਵਿੱਚੋਂ ਕਰੇਗੀ। ਕੇਂਦਰੀ ਪ੍ਰੀਸ਼ਦ ਲੋੜ ਸਮਝਣ ਤੇ ਕੇਂਦਰੀ ਕਾਰਜਕਾਰਨੀ ਦੇ ਕਿਸੇ ਵੀ ਮੈਂਬਰ ਤੋਂ ਅਸਤੀਫਾ ਲੈ ਸਕਦੀ ਹੈ।

(iii) ਕੇਂਦਰੀ ਪ੍ਰੀਸ਼ਦ ਦੀਆਂ ਦੋ ਮੀਟਿੰਗਾਂ ਦੇ ਵਿਚਕਾਰ, ਲਏ ਗਏ ਫੈਸਲਿਆਂ ਤੇ ਅਮਲ ਦੀ ਜਿੰਮੇਵਾਰੀ ਕੇਂਦਰੀ ਕਾਰਜਕਾਰਨੀ ਦੀ ਹੋਵੇਗੀ। ਜਥੇਬੰਦੀ ਦੇ ਸਾਰੇ ਕੇਂਦਰੀ ਪ੍ਰਕਾਸ਼ਨਾਂ ਦੀ ਅਤੇ ਲੋੜ ਅਨੁਸਾਰ ਸੰਪਾਦਕ ਜਾਂ ਸੰਪਾਦਕ ਮੰਡਲ ਦੀ ਨਿਯੁਕਤੀ ਦੀ ਜਿੰਮੇਵਾਰੀ ਕੇਂਦਰੀ ਕਾਰਜਕਾਰਨੀ ਦੀ ਹੋਵੇਗੀ।

(iv) ਕੇਂਦਰੀ ਕਾਰਜਕਾਰਨੀ ਹਰ ਤਿੰਨ ਮਹੀਨਿਆਂ ਤੇ ਨਿਯਮਤ ਰੂਪ ਨਾਲ ਆਪਣੀਆਂ ਮੀਟਿੰਗਾਂ ਕਰੇਗੀ। ਲੋੜ ਪੈਣ ਤੇ ਇੱਕ ਹਫਤੇ ਦੇ ਨੋਟੀਫਿਕੇਸ਼ਨ ਤੇ ਉਹ ਆਪਣੀ ਵਿਸ਼ੇਸ਼ ਮੀਟਿੰਗ ਬੁਲਾ ਸਕਦੀ ਹੈ। ਐਮਰਜੈਂਸੀ ਮੀਟਿੰਗ ਦੋ ਦਿਨਾਂ ਦੇ ਨੋਟਿਸ ਤੇ ਕਦੇ ਵੀ ਬੁਲਾਈ ਜਾ ਸਕਦੀ ਹੈ। ਮੀਟਿੰਗ ਦੇ ਕੋਰਮ ਲਈ ਪੰਜ ਮੈਂਬਰਾਂ ਦੀ ਹਾਜਰੀ ਜ਼ਰੂਰੀ ਹੋਵੇਗੀ।

(v) ਹਰ ਇੱਕ ਕੇਂਦਰੀ ਸੰਮੇਲਨ ਦੇ ਬਾਅਦ ਨਵੀਂ ਕੇਂਦਰੀ ਪ੍ਰੀਸ਼ਦ ਦੁਆਰਾ ਚੁਣੀ ਜਾਣ ਦੇ ਬਾਅਦ 24 ਘੰਟਿਆਂ ਦੇ ਅੰਦਰ ਕੇਂਦਰੀ ਕਾਰਜਕਾਰਨੀ ਆਪਣੇ ਵਿਚੋਂ ਹੇਠ ਲਿਖੇ ਅਹੁਦੇਦਾਰਾਂ ਦੀ ਚੋਣ ਕਰੇਗੀ।

(1) ਪ੍ਰਧਾਨ
(2) ਮੀਤ ਪ੍ਰਧਾਨ
(3) ਜਨਰਲ ਸੱਕਤਰ
(4) ਖਜਾਨਚੀ

(vi) ਲੋੜ ਪੈਣ ਤੇ ਕੇਂਦਰੀ ਕਾਰਜਕਾਰਨੀ ਵੱਖੋ-ਵੱਖ ਉਪ ਕਮੇਟੀਆਂ ਦਾ ਗਠਨ ਕਰ ਸਕਦੀ ਹੈ ਅਤੇ ਆਪਣੇ ਵਿਚਕਾਰ ਤੋ ਜਾਂ ਥੱਲੇ ਦੀ ਕਮੇਟੀ ਦੇ ਕਿਸੇ ਮੈਂਬਰ ਨੂੰ ਵਿਸ਼ੇਸ਼ ਜਿੰਮੇਵਾਰੀ ਸੌਂਪ ਸਕਦੀ ਹੈ। ਕੇਂਦਰੀ ਕਾਰਜਕਾਰਨੀ ਨੂੰ ਆਪਣੇ ਕਿਸੇ ਮੈਂਬਰ ਦੀ ਮੌਤ, ਬਰਖਾਸਤਗੀ ਜਾਂ ਅਹੁਦਾ ਛੱਡਣ ਦੀ ਹਾਲਤ ਵਿੱਚ ਨਵੇਂ ਮੈਂਬਰ ਨੂੰ ਨਾਮਜਦ ਕਰਨ ਦਾ ਅਧਿਕਾਰ ਹੋਵੇਗਾ।

## ਉੱਪ ਧਾਰਾ—4
## ਅਹੁਦੇਦਾਰਾਂ ਦੇ ਫਰਜ਼

(i) ਪ੍ਰਧਾਨ ਕੇਂਦਰੀ ਪ੍ਰੀਸ਼ਦ ਅਤੇ ਕਾਰਜਕਾਰਨੀ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰੇਗਾ। ਉਸਦੀ ਗੈਰ ਹਾਜਰੀ ਵਿੱਚ ਮੀਤ ਪ੍ਰਧਾਨ ਇਹ ਜਿੰਮੇਵਾਰੀ ਨਿਭਾਏਗਾ। ਜੇਕਰ ਉਹ ਵੀ ਗੈਰ ਹਾਜ਼ਰ ਹੋਵੇ ਤਾਂ ਇਹ ਜਿੰਮੇਵਾਰੀ ਮੀਟਿੰਗ ਦੁਆਰਾ ਚੁਣਿਆ ਗਿਆ ਮੈਂਬਰ ਨਿਭਾਵੇਗਾ।



(ii) ਜਨਰਲ ਸੱਕਤਰ ਹੈੱਡ ਆਫਿਸ ਦੇ ਕੰਮਾਂ ਦੇ ਲਈ ਜਿੰਮੇਵਾਰ ਹੋਵੇਗਾ ਅਤੇ ਉਸਦੀ ਸੰਪਤੀ ਅਤੇ ਰਿਕਾਰਡ ਨੂੰ ਸੰਭਾਲਣ ਵਾਲਾ ਹੋਵੇਗਾ। ਕੇਂਦਰੀ ਪ੍ਰੀਸ਼ਦ ਅਤੇ ਕੇਂਦਰੀ ਕਾਰਜਕਾਰਨੀ ਦੀਆਂ ਮੀਟਿੰਗਾਂ ਦੇ ਲਈ ਉਹ ਕਾਰਜ ਸੂਚੀ ਅਤੇ ਰਿਪੋਰਟਾਂ ਤਿਆਰ ਕਰੇਗਾ ਅਤੇ ਮੀਟਿੰਗਾਂ ਵਿੱਚ ਉਹਨਾਂ ਨੂੰ ਪੇਸ਼ ਕਰੇਗਾ। ਜਨਰਲ ਸਕੱਤਰ ਹਰ ਇੱਕ ਕੇਂਦਰੀ ਸੰਮੇਲਨ ਵਿੱਚ ਕੇਂਦਰੀ ਪ੍ਰੀਸ਼ਦ ਦੁਆਰਾ ਪਾਸ ਸਿਆਸੀ-ਜਥੇਬੰਦਕ ਰਿਪੋਰਟ ਪੇਸ਼ ਕਰੇਗਾ।

(iii) ਪ੍ਰਧਾਨ ਅਤੇ ਜਨਰਲ ਸਕੱਤਰ ਜਥੇਬੰਦੀ ਦੀ ਨੁਮਾਇੰਦਗੀ ਕਰਨਗੇ।

(iv) ਖਜਾਨਚੀ ਜਨਰਲ ਸਕੱਤਰ ਦੀ ਸਹਾਇਤਾ ਨਾਲ ਕੇਂਦਰੀ ਕੋਸ਼ ਦਾ ਸੰਚਾਲਨ ਕਰੇਗਾ। ਥੱਲੇ ਦੀਆਂ ਕਮੇਟੀਆਂ ਦੇ ਕੋਸ਼ ਅਤੇ ਵਿੱਤ ਸੰਬੰਧੀ ਨੀਤੀਆਂ ਦਾ ਨਿਰੀਖਣ-ਪਰੀਖਣ ਕਰੇਗਾ ਅਤੇ ਕੇਂਦਰੀ ਪ੍ਰੀਸ਼ਦ ਅਤੇ ਕੇਂਦਰੀ ਕਾਰਜਕਾਰਨੀ ਦੀਆਂ ਮੀਟਿੰਗਾਂ ਵਿਚ ਅਤੇ ਕੇਂਦਰੀ ਸੰਮੇਲਨ ਵਿੱਚ ਵਿੱਤੀ ਰਿਪੋਰਟ ਪੇਸ਼ ਕਰੇਗਾ।

## ਉੱਪ ਧਾਰਾ—5
## ਥੱਲੇ ਦੀਆਂ ਕਮੇਟੀਆਂ, ਉਹਨਾਂ ਦੇ ਸੰਮੇਲਨ ਅਤੇ ਬੁਨਿਆਦੀ ਇਕਾਈਆਂ

(i) ਰਾਜਾਂ ਜਾਂ ਜਥੇਬੰਦਕ ਤਾਕਤ ਅਤੇ ਕੰਮਾਂ ਦੀ ਲੋੜ ਅਨੁਸਾਰ ਨਿਸ਼ਚਤ ਏਰੀਆ ਦੇ ਆਧਾਰ ਤੇ, ਮੈਂਬਰਾਂ ਜਾਂ ਕੇਂਦਰੀ ਪ੍ਰੀਸ਼ਦ ਦੁਆਰਾ ਸੁਨਿਸ਼ਚਿਤ ਸਮਾਨ ਅਨੁਪਾਤਿਕ ਅਧਾਰ ਤੇ ਉਹਨਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਦਾ ਸੰਮੇਲਨ ਆਮ ਤੌਰ ਤੇ ਕੇਂਦਰੀ ਸੰਮੇਲਨ ਦੇ ਬਾਅਦ ਹੋਇਆ ਕਰੇਗਾ।

(ii) ਇਹ ਸੰਮੇਲਨ ਆਪਣੇ ਪੱਧਰ ਦੀ ਕਮੇਟੀ (ਜਿਵੇਂ ਰਾਜ ਕਮੇਟੀ, ਏਰੀਆ ਕਮੇਟੀ, ਜਿਲਾ ਕਮੇਟੀ) ਦੀ ਚੋਣ ਕਰਨਗੇ। ਇਹ ਕਮੇਟੀਆਂ ਆਪਣੇ ਪੱਧਰ ਤੋਂ ਥੱਲੇ ਦੇ ਸੰਗਠਨ ਨੂੰ ਅਗਵਾਈ ਦੇਣਗੀਆਂ, ਕੇਂਦਰੀ ਪ੍ਰੀਸ਼ਦ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕੇਂਦਰੀ ਕਾਰਜਕਾਰਨੀ ਦੀ ਅਗਵਾਈ ਵਿੱਚ ਅਤੇ ਆਪਣੇ ਉੱਪਰ ਦੀ ਕਮੇਟੀ ਦੀ ਅਗਵਾਈ ਵਿੱਚ ਜਥੇਬੰਦੀ ਦੇ ਪ੍ਰੋਗਰਾਮ ਅਤੇ ਨੀਤੀਆਂ ਨੂੰ ਲਾਗੂ ਕਰਨਗੀਆਂ। ਆਪਣੇ ਥੱਲੇ ਦੀਆਂ ਕਮੇਟੀਆਂ ਦੇ ਕੰਮਾਂ ਦੀ ਰਿਪੋਰਟ ਦੀ ਸਮੀਖਿਆ ਕਰਨਗੀਆਂ ਅਤੇ ਉਹਨਾਂ ਨੂੰ ਜ਼ਰੂਰੀ ਨਿਰਦੇਸ਼ ਦੇਣਗੀਆਂ ਅਤੇ ਉੱਪਰ ਦੀਆਂ ਕਮੇਟੀਆਂ ਨੂੰ ਆਪਣੇ ਕੰਮਾਂ ਦੀ ਨਿਯਮਤ ਰਿਪੋਰਟ ਭੇਜਣਗੀਆਂ। ਇਹਨਾਂ ਕਮੇਟੀਆਂ ਦੇ ਸਕੱਤਰ ਦੀਆਂ ਜਿੰਮੇਵਾਰੀਆਂ ਉਹੀ ਹੋਣਗੀਆਂ ਜੋ ਕੇਂਦਰੀ ਪੱਧਰ ਤੇ ਪ੍ਰਧਾਨ ਅਤੇ ਜਨਰਲ ਸਕੱਤਰ ਦੀਆਂ ਹਨ। ਇਹਨਾਂ ਦੇ ਖਜਾਨਚੀ ਦੀ ਜਿੰਮੇਵਾਰੀ ਵੀ ਉਹੀ ਹੋਵੇਗੀ ਜੋ ਕੇਂਦਰੀ ਪੱਧਰ ਤੇ ਖਜਾਨਚੀ ਦੀ ਹੋਵੇਗੀ। ਅਧਿਕਾਰਾਂ, ਫਰਜਾਂ ਅਤੇ ਕਾਰਜਪ੍ਰਣਾਲੀ ਦੇ ਮਾਮਲੇ ਵਿਚ ਥੱਲੇ ਦੀਆਂ ਕਮੇਟੀਆਂ ਦੀ ਕੇਂਦਰੀ ਕਾਰਜਕਾਰਨੀ ਨਾਲ ਆਮ ਸਮਰੂਪਤਾ ਹੋਵੇਗੀ। ਕਿਸੇ ਵੀ ਤਰਾਂ

ਦੀ ਸੰਵਿਧਾਨਕ ਅੜਚਣ ਪੈਦਾ ਹੋਣ ਤੇ ਜਾਂ ਨਿਯਮਾਂ ਦੀ ਅਸਪੱਸ਼ਟਤਾ ਦੀ ਸਥਿਤੀ ਵਿੱਚ ਕੇਂਦਰੀ ਪ੍ਰੀਸ਼ਦ ਦੇ ਦਿਸ਼ਾ-ਨਿਰਦੇਸ਼ ਅਤੇ ਨਿਰਣੇ ਕੇਂਦਰੀ ਪ੍ਰੀਸ਼ਦ ਦੀ ਅਗਲੀ ਮੀਟਿੰਗ ਤੱਕ ਦੇ ਅੰਤਰਿਮ ਸਮੇਂ ਵਿੱਚ ਕਾਰਜਕਾਰਨੀ ਦੇ ਦਿਸ਼ਾ-ਨਿਰਦੇਸ਼ ਅੰਤਿਮ ਮੰਨੇ ਜਾਣਗੇ।

(iii) ਨਿਸ਼ਚਤ ਏਰੀਆ ਦੇ ਅਧਾਰ ਤੇ ਗਠਿਤ ਸਭ ਤੋਂ ਥੱਲੇ ਦੀ ਕਮੇਟੀ ਆਪਣੇ ਆਪਣੇ ਕਾਰਜ-ਖੇਤਰ ਵਿੱਚ ਕਿਤੇ ਵੀ ਘੱਟੋ-ਘੱਟ ਪੰਜ ਮੈਂਬਰਾਂ ਨੂੰ ਲੈ ਕੇ ਜਥੇਬੰਦੀ ਦੀ ਬੁਨਿਆਦੀ ਇਕਾਈ ਗਠਿਤ ਕਰ ਸਕਦੀ ਹੈ। ਉਕਤ ਕਮੇਟੀ ਦੇ ਠੀਕ ਉੱਪਰ ਦੀ ਕਮੇਟੀ ਦੀ ਮਨਜ਼ੂਰੀ ਦੇ ਬਾਅਦ ਹੀ ਬੁਨਿਆਦੀ ਇਕਾਈ ਨੂੰ ਮਾਨਤਾ ਪ੍ਰਾਪਤ ਇਕਾਈ ਦਾ ਦਰਜਾ ਹਾਸਲ ਹੋਵੇਗਾ। ਬੁਨਿਆਦੀ ਇਕਾਈ ਆਪਣੇ ਇੱਕ ਇੰਚਾਰਜ ਦੀ ਚੋਣ ਕਰੇਗੀ ਜੋ ਉੱਪਰ ਦੀ ਕਮੇਟੀ ਨੂੰ ਕੰਮਾਂ ਦੀ ਨਿਯਮਤ ਰਿਪੋਰਟ ਭੇਜੇਗਾ। ਕਿੰਨੀ ਸੰਖਿਆ ਅਤੇ ਕੰਮਾਂ ਦੇ ਅਧਾਰ ਤੇ ਕਿਸ ਬੁਨਿਆਦੀ ਇਕਾਈ ਨੂੰ ਜਾਂ ਕਿੰਨੀਆਂ ਬੁਨਿਆਦੀ ਇਕਾਈਆਂ ਨੂੰ ਮਿਲਾ ਕੇ ਲੋਕਲ ਕਮੇਟੀ ਚੁਨਣ ਦਾ ਅਧਿਕਾਰ ਦਿੱਤਾ ਜਾਵੇ, ਇਸ ਦਾ ਫੈਸਲਾ ਠੀਕ ਉੱਪਰ ਦੀ ਕਮੇਟੀ ਕਰੇਗੀ।

(iv) ਨਵੇਂ ਕਾਰਜ ਖੇਤਰਾਂ ਵਿਚ ਪ੍ਰਚਾਰ ਅਤੇ ਜਥੇਬੰਦੀ ਦੀਆਂ ਮੁਢਲੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਦੇ ਲਈ ਕੇਂਦਰੀ ਕਾਰਜਕਾਰਨੀ ਲੋੜ ਅਨੁਸਾਰ, ਸੁਨਿਸ਼ਚਤ ਏਰੀਆ ਦੇ ਅਧਾਰ ਤੇ ਕੁਝ ਨਵੇਂ ਅਤੇ ਕੁਝ ਪੁਰਾਣੇ ਮੈਂਬਰਾਂ ਨੂੰ ਲੈ ਕੇ ਤਿਆਰੀ ਕਮੇਟੀ ਦਾ ਗਠਨ ਕਰ ਸਕਦੀ ਹੈ ਜੋ ਆਰਜ਼ੀ ਕਮੇਟੀ ਜਾਂ ਆਰਜ਼ੀ ਬੁਨਿਆਦੀ ਇਕਾਈ ਦੇ ਰੂਪ ਵਿੱਚ ਕੇਂਦਰੀ ਕਾਰਜਕਾਰਨੀ ਜਾਂ ਉਸ ਦੁਆਰਾ ਨਿਰਦੇਸ਼ਤ ਕਮੇਟੀ ਦੇ ਮਾਤਹਤ ਉਦੋਂ ਤੱਕ ਕੰਮ ਕਰਦੀ ਰਹੇਗੀ ਜਦ ਤੱਕ ਕਿ ਉਸਦੇ ਉੱਪਰ ਦੀ ਕਮੇਟੀ ਜਾਂ ਕੇਂਦਰੀ ਕਾਰਜਕਾਰਨੀ ਉਸ ਨੂੰ ਸਥਾਈ ਮਾਨਤਾ ਨਾ ਦੇ ਦੇਵੇ।

(v) ਕੇਂਦਰੀ ਕਾਰਜਕਾਰਨੀ ਦੇ ਥੱਲੇ ਹਰ ਪੱਧਰ ਦੀ ਕਮੇਟੀ ਅਤੇ ਮੁਢਲੀ ਇਕਾਈ ਦੀ ਮੀਟਿੰਗ ਦੇ ਲਈ 60 ਫੀਸਦੀ ਮੈਂਬਰਾਂ ਦੀ ਹਾਜਰੀ ਜਰੂਰੀ ਹੋਵੇਗੀ।

**ਧਾਰਾ—8**

## ਸਮਬੱਧ ਮੈਂਬਰਸ਼ਿਪ

(i) ਦੇਸ਼ ਦੇ ਕਿਸੇ ਹਿੱਸੇ ਵਿੱਚ ਕੰਮ ਕਰਨ ਵਾਲੀ ਜਥੇਬੰਦੀ ਦੇ ਉਦੇਸ਼ ਤੇ ਟੀਚੇ ਜੇਕਰ ਮੂਲ ਤੌਰ ਤੇ ਅਤੇ ਮੁੱਖ ਤੌਰ ਤੇ ਨੌਜਵਾਨ ਭਾਰਤ ਸਭਾ ਦੇ ਉਦੇਸ਼ ਅਤੇ ਟੀਚਿਆਂ ਨਾਲ ਮੇਲ ਖਾਂਦੇ ਹੋਣ। ਜੇਕਰ ਉਸ ਦੇ ਅਤੇ ਨੌਜਵਾਨ ਭਾਰਤ ਸਭਾ ਦੇ ਪ੍ਰੋਗਰਾਮ ਦੇ ਬੁਨਿਆਦੀ ਨੁਕਤਿਆਂ 'ਤੇ ਸਮਾਨਤਾ ਹੋਵੇ ਅਤੇ ਜੇਕਰ ਉਸਦੇ ਜੁਝਾਰੂ ਇਨਕਲਾਬੀ ਚਰਿੱਤਰ ਨੂੰ ਦਰਸਾਉਣ ਵਾਲੀਆਂ ਸਰਗਰਮੀਆਂ ਦੀ ਸੰਤੋਖਜਨਕ ਜਾਣਕਾਰੀ ਉਪਲੱਬਧ ਹੋਵੇ, ਤਾਂ ਨੌਜਵਾਨ ਭਾਰਤ ਸਭਾ ਦੀ ਕੇਂਦਰੀ ਪ੍ਰੀਸ਼ਦ ਉਸਦੇ ਨਾਲ ਯੋਗ ਵਿਚਾਰ-



ਵਟਾਂਦਰੇ ਤੋਂ ਬਾਅਦ ਜਥੇਬੰਦੀ ਦੀ ਸਮਬਧ ਮੈਂਬਰਸ਼ਿਪ ਪ੍ਰਦਾਨ ਕਰ ਸਕਦੀ ਹੈ, ਲੇਕਿਨ ਅਗਲੇ ਕੇਂਦਰੀ ਸੰਮੇਲਨ ਦੁਆਰਾ ਕੇਂਦਰੀ ਪ੍ਰੀਸ਼ਦ ਦੇ ਇਸ ਫੈਸਲੇ ਦੀ ਪੁਸ਼ਟੀ ਜ਼ਰੂਰੀ ਹੋਵੇਗੀ।

(ii) ਸਮਬਧ ਮੈਂਬਰਸ਼ਿਪ ਵਾਲੀ ਨੌਜਵਾਨ ਜਥੇਬੰਦੀ ਦਾ ਆਪਣਾ ਪ੍ਰੋਗਰਾਮ ਅਤੇ ਸੰਵਿਧਾਨ ਹੋਵੇਗਾ, ਲੇਕਿਨ ਉਸਦੇ ਕੇਂਦਰੀ ਸੰਮੇਲਨ ਵਿੱਚ ਨੌਜਵਾਨ ਭਾਰਤ ਸਭਾ ਦੇ ਕੇਂਦਰੀ ਪ੍ਰਤੀਨਿਧੀ ਮੰਡਲ ਦੀ ਹਾਜਰੀ ਅਤੇ ਬਹਿਸਾਂ ਵਿੱਚ ਹਿੱਸੇਦਾਰੀ ਦੀ ਜਰੂਰੀ ਸ਼ਰਤ ਹੋਵੇਗੀ।

(iii) ਨੌਜਵਾਨ ਭਾਰਤ ਸਭਾ ਦੇ ਕੇਂਦਰੀ ਸੰਮੇਲਨ ਵਿੱਚ ਸਮਬੱਧ ਜਥੇਬੰਦੀ ਦੇ ਨੁਮਾਇੰਦਿਆਂ ਨੂੰ ਹਾਜਰੀ ਅਤੇ ਵਿਚਾਰ-ਵਟਾਂਦਰੇ ਅਤੇ ਬਹਿਸ ਵਿੱਚ ਹਿੱਸੇਦਾਰੀ ਦਾ ਅਧਿਕਾਰ ਹੋਵੇਗਾ ਲੇਕਿਨ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ।

(iv) ਦਿਸ਼ਾ ਅਤੇ ਪ੍ਰੋਗਰਾਮ ਵਿੱਚ ਕੋਈ ਬੁਨਿਆਦੀ ਮੱਤਭੇਦ ਪੈਦਾ ਹੋਣ ਜਾਂ ਜਥੇਬੰਦੀ ਵਿਸ਼ੇਸ਼ ਦੇ ਇਨਕਲਾਬੀ ਚਰਿਤੱਰ ਦੇ ਖੁਰਣ ਜਾਂ ਭਟਕਾਅ ਪੈਦਾ ਹੋਣ ਤੇ ਉਸ ਦੀ ਸਮਬੱਧ ਮੈਂਬਰਸ਼ਿਪ ਨੂੰ ਰੱਦ ਕਰਨ ਦਾ ਕੇਂਦਰੀ ਪ੍ਰੀਸ਼ਦ ਨੂੰ ਪੂਰਾ ਅਧਿਕਾਰ ਹੋਵੇਗਾ।

(v) ਸਮਬੱਧ ਮੈਂਬਰਸ਼ਿਪ ਦੀ ਇੱਕ ਸ਼ਰਤ ਇਹ ਵੀ ਹੋਵੇਗੀ ਕਿ ਉਪਰੋਕਤ ਜਥੇਬੰਦੀ ਆਪਣੇ ਕੰਮਾਂ ਦੀ ਨਿਯਮਤ ਰਿਪੋਰਟ ਨੌਜਵਾਨ ਭਾਰਤ ਸਭਾ ਦੀ ਕੇਂਦਰੀ ਕਾਰਜਕਾਰਣੀ ਨੂੰ ਭੇਜੇ ਅਤੇ ਸੌੜੇ ਖੇਤਰਵਾਦੀ ਭਟਕਾਵਾਂ ਤੋਂ ਮੁਕਤ ਹੋ ਕੇ ਦੇਸ਼ ਵਿਆਪੀ ਨੌਜਵਾਨ ਲਹਿਰ ਦੀ ਉਸਾਰੀ ਅਤੇ ਸਾਂਝੀਆਂ ਕਾਰਵਾਈਆਂ ਪ੍ਰਤੀ ਇੱਕ ਸਿਹਤਮੰਦ ਇਨਕਲਾਬੀ ਰੁਖ ਅਪਣਾਵੇ।

**ਧਾਰਾ—9**

## ਅਨੁਸ਼ਾਸਨੀ ਕਾਰਵਾਈ

(i) ਨੌਜਵਾਨ ਭਾਰਤ ਸਭਾ ਦਾ ਕੋਈ ਮੈਂਬਰ ਜਾਂ ਕੋਈ ਇਕਾਈ ਜੇਕਰ ਜਥੇਬੰਦੀ ਦੇ ਟੀਚਿਆਂ ਅਤੇ ਉਦੇਸ਼ਾਂ ਦੇ ਉਲਟ ਆਚਰਣ ਕਰੇ, ਇਸਦੇ ਪ੍ਰੋਗਰਾਮ ਤੇ ਅਮਲ ਨਾ ਕਰੇ ਜਾਂ ਉਸਦੇ ਉਲਟ ਆਚਰਣ ਕਰੇ, ਜਥੇਬੰਦੀ ਦੇ ਸੰਵਿਧਾਨ ਜਾਂ ਲੀਡਰਸ਼ਿਪ ਦੇ ਆਦੇਸ਼ਾਂ-ਨਿਰਦੇਸ਼ਾਂ ਦਾ ਉਲੰਘਣ ਕਰੇ ਅਤੇ ਆਪਣੇ ਅਮਲ ਵਿੱਚ ਜਥੇਬੰਦੀ ਦੀ ਸਾਖ ਨੂੰ ਹਾਨੀ ਪਹੁੰਚਾਏ ਤਾਂ ਜਥੇਬੰਦੀ ਨੂੰ ਉਸਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਦਾ ਅਧਿਕਾਰ ਹੋਵੇਗਾ, ਜਿਸਦੇ ਅਧੀਨ ਚੇਤਾਵਨੀ, ਮੁਅੱਤਲੀ, ਬਰਖਾਸਤਗੀ ਜਾਂ ਇਕਾਈਆਂ ਦੇ ਮਾਮਲੇ ਵਿੱਚ ਮਾਨਤਾ ਰੱਦ ਕਰਨਾ ਸ਼ਾਮਲ ਹੋਣਗੇ।

(ii) ਸੰਵਿਧਾਨ ਅਤੇ ਪ੍ਰੋਗਰਾਮ ਦੇ ਵਿਰੁੱਧ ਆਚਰਣ ਕਰਨ ਵਾਲੇ ਮੈਂਬਰ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦਾ ਅਧਿਕਾਰ ਸੰਬੰਧਤ ਕਮੇਟੀ ਜਾਂ ਕੇਂਦਰੀ ਕਾਰਜਕਾਰਨੀ ਦੁਆਰਾ ਅਧਿਕਾਰਤ ਸੰਬੰਧਤ ਕਮੇਟੀ ਨੂੰ ਹੋਵੇਗਾ। ਸੰਬੰਧਤ ਕਮੇਟੀ ਨੂੰ

ਆਪਣੇ ਅਜਿਹੇ ਹਰ ਫੈਸਲੇ ਦੀ ਮਨਜ਼ੂਰੀ ਲਈ ਆਪਣੇ ਠੀਕ ਉੱਪਰ ਦੀ ਕਮੇਟੀ ਨੂੰ ਭੇਜਣਾ ਹੋਵੇਗਾ।

(iii) ਜਿਸ ਇਕਾਈ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਹੋਵੇ, ਉਸਨੂੰ ਸੰਬੰਧਤ ਕਮੇਟੀ ਦੇ ਸਾਹਮਣੇ ਆਪਣਾ ਸਪਸ਼ਟੀਕਰਨ ਦੇਣ ਅਤੇ ਫਿਰ ਉੱਪਰ ਦੀ ਕਮੇਟੀ ਅਤੇ ਫਿਰ ਕੇਂਦਰੀ ਕਾਰਜਕਾਰਨੀ ਤੱਕ ਅਪੀਲ ਕਰਨ ਦਾ ਅਧਿਕਾਰ ਹੋਵੇਗਾ।

(iv) ਜਿਸ ਮੈਂਬਰ ਦੇ ਵਿਰੁੱਧ ਮੁੱਅਤਲੀ ਜਾਂ ਬਰਖਾਸਤਗੀ ਦੀ ਕਾਰਵਾਈ ਕੀਤੀ ਗਈ ਹੋਵੇ, ਉਸ ਨੂੰ ਸੰਬੰਧਤ ਕਮੇਟੀ ਦੇ ਸਾਹਮਣੇ ਅਤੇ ਫਿਰ ਉੱਪਰੀ ਕਮੇਟੀ ਦੇ ਸਾਹਮਣੇ ਅਤੇ ਫਿਰ ਕੇਂਦਰੀ ਕਾਰਜਕਾਰਨੀ ਦੇ ਸਾਹਮਣੇ ਸਿੱਧੇ ਅਪੀਲ ਕਰਨ ਦਾ ਅਧਿਕਾਰ ਹੋਵੇਗਾ।

(v) ਜਥੇਬੰਦੀ ਦੇ ਹਿੱਤਾਂ ਅਤੇ ਟੀਚਿਆਂ ਦੇ ਵਿਰੁੱਧ ਕੰਮ ਕਰਨ ਦੀ ਹਾਲਤ ਵਿੱਚ ਕੇਂਦਰੀ ਕਾਰਜਕਾਰਨੀ ਨੂੰ ਥੱਲੇ ਦੀ ਕਿਸੇ ਕਮੇਟੀ, ਕਿਸੇ ਲੋਕਲ ਕਮੇਟੀ ਜਾਂ ਕਿਸੇ ਮੁਢਲੀ ਇਕਾਈ ਦੀ ਮਾਨਤਾ ਰੱਦ ਕਰ ਦੇਣ ਦਾ ਅਧਿਕਾਰ ਹੋਵੇਗਾ। ਲੋਕਲ ਕਮੇਟੀ ਦੇ ਉੱਪਰ ਦੀ ਕਮੇਟੀ ਦਾ ਮਾਨਤਾ ਰੱਦ ਕਰਨ ਦੀ ਸਥਿਤੀ ਵਿੱਚ ਕੇਂਦਰੀ ਕਾਰਜਕਾਰਨੀ ਦੇ ਲਈ ਕੇਂਦਰੀ ਪ੍ਰੀਸ਼ਦ ਤੋਂ ਆਪਣੇ ਫੈਸਲੇ ਨੂੰ ਪਾਸ ਕਰਵਾਉਣਾ ਜ਼ਰੂਰੀ ਹੋਵੇਗਾ। ਕੇਂਦਰੀ ਕਾਰਜਕਾਰਨੀ ਕਿਸੇ ਕਮੇਟੀ ਦੀ ਮਾਨਤਾ ਰੱਦ ਕੀਤੇ ਜਾਣ ਦੀ ਹਾਲਤ ਵਿੱਚ, ਉਸਦੇ ਠੀਕ ਉੱਪਰ ਦੀ ਕਮੇਟੀ ਜਾਂ ਉਸਦੇ ਵੀ ਉੱਪਰ ਦੀ ਕਮੇਟੀ ਦੀ ਸਲਾਹ ਲੈ ਕੇ ਉਪਰੋਕਤ ਕਮੇਟੀ ਦਾ ਮੁੜਗਠਨ ਕਰ ਸਕਦੀ ਹੈ।

## ਧਾਰਾ—10

## ਸੰਵਿਧਾਨਿਕ-ਸੋਧ

(i) ਸੰਵਿਧਾਨ ਵਿਚ ਤਬਦੀਲੀ ਜਾਂ ਸੋਧ ਕਰਨ ਦਾ ਅਧਿਕਾਰ ਕੇਵਲ ਕੇਂਦਰੀ ਸੰਮੇਲਨ ਨੂੰ ਹੀ ਹੋਵੇਗਾ।

(ii) ਕਿਸੇ ਵੀ ਇਕਾਈ ਦੁਆਰਾ ਜਾਂ ਉਸ ਦੇ ਕਿਸੇ ਮੈਂਬਰ ਦੁਆਰਾ ਸੰਵਿਧਾਨ ਵਿੱਚ ਕੋਈ ਸੋਧ ਪ੍ਰਸਤਾਵਿਤ ਹੋਣ ਤੇ ਉਸਦੀ ਸੂਚਨਾ ਕੇਂਦਰੀ ਕਾਰਜਕਾਰਨੀ ਨੂੰ ਸੰਮੇਲਨ ਤੋਂ ਘੱਟ ਤੋਂ ਘੱਟ ਤਿੰਨ ਮਹੀਨੇ ਪਹਿਲਾਂ ਦੇਣੀ ਹੋਵੇਗੀ। ਜੇਕਰ ਕੇਂਦਰੀ ਕਾਰਜਕਾਰਨੀ ਖੁਦ ਕੋਈ ਸੋਧ ਪੇਸ਼ ਕਰਨਾ ਚਾਹੁੰਦੀ ਹੈ ਤਾਂ ਉਸਦੀ ਸੂਚਨਾ ਕੇਂਦਰੀ ਪ੍ਰੀਸ਼ਦ ਆਪਣੇ ਠੀਕ ਹੇਠਾਂ ਦੀ ਕਮੇਟੀ ਨੂੰ ਘੱਟ ਤੋਂ ਘੱਟ ਤਿੰਨ ਮਹੀਨੇ ਦੇਵੇਗੀ।

(iii) ਸੰਵਿਧਾਨਿਕ ਸੋਧ ਸੰਬੰਧੀ ਕਿਸੇ ਵੀ ਮਹੱਤਵਪੂਰਣ ਪ੍ਰਸਤਾਵ ਦਾ ਖਰੜਾ ਕੌਮੀ ਕਾਰਜਕਾਰਨੀ ਦੁਆਰਾ ਸੰਮੇਲਨ ਤੋਂ ਪਹਿਲਾਂ ਸਾਰੀਆਂ ਬੁਨਿਆਦੀ ਇਕਾਈਆਂ ਨੂੰ ਵਿਚਾਰ ਕਰਨ ਲਈ ਜਰੂਰ ਭੇਜਿਆ ਜਾਏਗਾ।



(iv) ਕੇਂਦਰੀ ਸੰਮੇਲਨ ਵਿੱਚ ਸਾਬਕਾ ਕੇਂਦਰੀ ਕਾਰਜਕਾਰਨੀ ਦੇ ਨਾਲ ਹੀ ਹਰ ਇੱਕ ਪ੍ਰਤੀਨਿਧੀ ਨੂੰ ਸੰਵਿਧਾਨ ਵਿੱਚ ਕੋਈ ਵੀ ਸੋਧ ਪ੍ਰਸਤਾਵਿਤ ਕਰਨ ਦਾ ਅਧਿਕਾਰ ਹੋਵੇਗਾ, ਲੇਕਿਨ ਕਿਸੇ ਵੀ ਸੋਧ ਨੂੰ ਉਦੋਂ ਹੀ ਮਨਜ਼ੂਰ ਮੰਨਿਆ ਜਾਏਗਾ, ਜਦੋਂ ਸੰਮੇਲਨ ਵਿੱਚ ਹਾਜਰ ਦੋ-ਤਿਹਾਈ ਹਿੱਸੇ ਦੁਆਰਾ ਉਸਨੂੰ ਪਾਸ ਕਰ ਦਿੱਤਾ ਜਾਵੇ।

## ਧਾਰਾ—11

## ਨਿਯਮ-ਉਪਨਿਯਮ

(i) ਸੰਵਿਧਾਨ ਦੇ ਫਰੇਮ ਵਰਕ ਦੇ ਅੰਦਰ, ਸਮੇਂ-ਸਮੇਂ ਤੇ ਜਰੂਰੀ ਨਿਯਮ-ਉਪਨਿਯਮ ਬਨਾਉਣ ਦਾ ਅਧਿਕਾਰ ਕੇਂਦਰੀ ਕਾਰਜਕਾਰਨੀ ਨੂੰ ਹੋਵੇਗਾ, ਲੇਕਿਨ ਕੇਂਦਰੀ ਪ੍ਰੀਸ਼ਦ ਦੀ ਅਗਲੀ ਮੀਟਿੰਗ ਦੁਆਰਾ ਉਹਨਾਂ ਨੂੰ ਪਾਸ ਕਰਨਾ ਜ਼ਰੂਰੀ ਹੋਵੇਗਾ।

●●●

---



**ਜਰੂਰਤ ਹੈ ਲਗਾਤਾਰ ਸੰਘਰਸ਼ ਕਰਨ, ਕਸ਼ਟ ਸਹਿਣ ਅਤੇ ਕੁਰਬਾਨੀ ਭਰਿਆ ਜੀਵਨ ਬਿਤਾਉਣ ਦੀ। ਆਪਣਾ ਨਿੱਜਵਾਦ ਪਹਿਲਾਂ ਖਤਮ ਕਰੋ। ਨਿੱਜੀ ਸੁੱਖ ਦੇ ਸੁਪਨੇ ਉਤਾਰ ਕੇ ਇੱਕ ਪਾਸੇ ਰੱਖ ਦਿਓ ਅਤੇ ਫਿਰ ਕੰਮ ਸ਼ੁਰੂ ਕਰੋ। ਇੰਚ-ਇੰਚ ਕਰਕੇ ਤੁਸੀਂ ਅੱਗੇ ਵਧੋਗੇ। ਇਸ ਦੇ ਲਈ ਹਿੰਮਤ, ਦ੍ਰਿੜਤਾ ਅਤੇ ਫੌਲਾਦੀ ਇਰਾਦੇ ਦੀ ਬਹੁਤ ਜ਼ਰੂਰਤ ਹੈ। ਕਿੰਨੇ ਹੀ ਭਾਰੀ ਕਸ਼ਟ ਅਤੇ ਕਠਿਨਾਈਆਂ ਕਿਉਂ ਨਾ ਹੋਣ, ਤੁਹਾਡੀ ਹਿੰਮਤ ਨਾ ਡੋਲੇ। ਕੋਈ ਵੀ ਹਾਰ ਜਾਂ ਧੋਖਾ ਤੁਹਾਡਾ ਦਿਲ ਨਾ ਤੋੜ ਸਕੇ। ਕਿੰਨੀਆਂ ਵੀ ਮੁਸ਼ਕਿਲਾਂ ਕਿਉਂ ਨਾ ਆਉਣ, ਤੁਹਾਡਾ ਇਨਕਲਾਬੀ ਜੋਸ਼ ਠੰਡਾ ਨਾ ਪਵੇ। ਕਸ਼ਟ ਸਹਿਣ ਅਤੇ ਕੁਰਬਾਨੀ ਕਰਨ ਦੇ ਸਿਧਾਂਤ ਤੋਂ ਤੁਸੀਂ ਸਫਲਤਾ ਹਾਸਲ ਕਰੋਗੇ ਅਤੇ ਇਹ ਨਿੱਜੀ ਸਫਲਤਾਵਾਂ ਇਨਕਲਾਬ ਦੀ ਅਮੁੱਲ ਦੌਲਤ ਹੋਣਗੀਆਂ।**

***—ਸ਼ਹੀਦ ਭਗਤ ਸਿੰਘ***

**(ਇਨਕਲਾਬੀ ਪ੍ਰੋਗਰਾਮ ਦਾ ਖਰੜਾ)**

## ਨੌਜਵਾਨ ਭਾਰਤ ਸਭਾ ਦਾ ਝੰਡਾ

ਜਿਥੇ ਦਰ-ਬਦਰ ਹੋ ਰਹੀ ਹੈ ਜ਼ਿੰਦਗੀ
ਜਿੱਥੇ ਹੱਤਿਆ ਹੋ ਰਹੀ ਹੈ ਜਿਉਂਦੇ ਸ਼ਬਦਾਂ ਦੀ
ਅਤੇ ਆਵਾਜ਼ਾਂ ਨੂੰ ਕੈਦ-ਤਨਹਾਈ ਦੀ
ਸਜ਼ਾ ਸੁਣਾਈ ਜਾ ਰਹੀ ਹੈ,

ਜਿਥੇ ਜ਼ਲਾਵਤਨ ਬਨਸਪਤੀਆਂ ਹਨ
ਅਤੇ ਕਾਲ਼ੀਆਂ ਤਪਦੀਆਂ ਚੱਟਾਨਾਂ ਹਨ
ਉੱਥੇ ਤੇਰੀ ਉਡੀਕ ਹੈ,

ਜੇ ਤੂੰ ਨੌਜਵਾਨ ਏ!
ਜਿੱਥੇ ਸੰਕਲਪਾਂ ਦੇ ਬੈਰੀਕੇਡ ਖੜੇ ਹੋ ਰਹੇ ਹਨ,
ਜਿੱਥੇ ਸਮਝ ਦੇ ਬੰਕਰ ਖੋਦੇ ਜਾ ਰਹੇ ਹਨ
ਜਿਥੇ ਚੁਣੌਤੀਆਂ ਦੇ ਪਰਚਮ ਲਹਿਰਾਏ ਜਾ ਰਹੇ ਹਨ
ਉੱਥੇ ਤੇਰੀ ਉਡੀਕ ਹੈ
ਜੇਕਰ ਤੂੰ ਨੌਜਵਾਨ ਏਂ!